# ਸੈਨਤ, ਗੁਰੂ ਨਾਨਕ ਦੇ ਪੈਂਡਿਆਂ ਦੀ ਰੂਹਾਨੀ ਛਾਪ

## ਐਪੀਸੋਡ ੨੪: ਬਾਮ-ਏ-ਨਾਨਕ (ਨਾਨਕ ਦੀ ਜੋਤ)

'ਬਾਮ-ਏ-ਨਾਨਕ', ਨਾਨਕ ਦੀ ਜੋਤ, ਵਹਿਦਤ ਦੇ ਸਦੀਵੀ ਨੂਰ ਦਾ ਹੀ ਰੂਪ ਹੈ। ਸਰਬਤ ਦੇ ਭਲੇ ਦੀ ਸੋਚ ਵਿੱਚ ਜੜ੍ਹਾਂ ਰੱਖਣ ਵਾਲੇ ਗੁਰੂ ਨਾਨਕ ਨੇ ਫ਼ਰਮਾਇਆ ਕਿ ਕੋਈ ਉੱਚਾ ਜਾਂ ਨੀਵਾਂ ਨਹੀਂ ਹੈ; ਸਿਰਫ਼ ਨੇਕੀ ਹੀ ਸ਼ੋ੍ਮਣੀ ਹੈ।

ਪਰਵਿਰਤਿ ਨਿਰਵਿਰਤਿ ਹਾਠਾ ਦੋਵੈ ਵਿਚਿ ਧਰਮੁ ਫਿਰੈ ਰੈਬਾਰਿਆ॥
ਮਨਮੁਖ ਕਚੇ ਕੂੜਿਆਰ ਤਿਨ੍ਹੀ ਨਿਹਚਉ ਦਰਗਹ ਹਾਰਿਆ॥
ਗੁਰਮਤੀ ਸਬਦਿ ਸੂਰ ਹੈ ਕਾਮੁ ਕ੍ਰੋਧੁ ਜਿਨ੍ਹੀ ਮਾਰਿਆ॥
(ਰਾਗੁ ਮਲਾਰ, ਗੁਰੂ ਨਾਨਕ)

ਕਰਮ ਅਤੇ ਸੋਚ-ਵਿਚਾਰ ਧਰਮ ਦੀ ਅਗਵਾਈ ਵਿੱਚ ਚਲਦੇ ਦੋ ਸਿਰੇ ਹਨ।
ਮਨਮੁਖ ਕਮਜ਼ੋਰ ਅਤੇ ਨਾਕਾਰਾਤਮਕ ਹੈ। ਉਹ ਬਿਨਾਂ ਸ਼ੱਕ ਦਿਆਨਤ ਗੁਆ ਦਿੰਦੇ ਹਨ।
ਰੂਹਾਨੀ ਮਨ ਅਤੇ ਸ਼ਬਦ ਯੋਧੇ ਹਨ ਜਿਨ੍ਹਾਂ ਨੇ ਕਾਮ ਅਤੇ ਕਰੋਧ ਉੱਤੇ ਜਿੱਤ ਹਾਸਿਲ ਕਰ ਲੈਂਦੇ ਹਨ।
(ਰਾਗ ਮਲਾਰ, ਗੁਰੂ ਨਾਨਕ)

ਬਾਜੀਗਰ ਰੱਸੀ ਉੱਤੇ ਤੁਰਨ ਦਾ ਕਾਰਜ ਸਹਿਜ ਨਾਲ ਕਰ ਲੈਂਦੇ ਹਨ ਕਿਉਂਕਿ ਉਨ੍ਹਾਂ ਨੇ ਤਵਾਜ਼ਨ ਕਾਇਮ ਕਰਨ ਦਾ ਹੁਨਰ ਸਿੱਖ ਲਿਆ ਹੈ। ਬਾਹਰਲੀਆਂ ਭਟਕਣਾਂ ਵਿੱਚ ਵਹਿਣ ਦੀ ਥਾਂ ਉਹ ਆਪਣੀ ਅੰਦਰਲੀ ਅਗਵਾਈ ਕਰਨ ਵਾਲੀ ਤਾਕਤ ਨਾਲ ਇੱਕਸੁਰ ਰਹਿੰਦੇ ਹਨ।

ਇਸੇ ਤਰ੍ਹਾਂ ਦੋ ਦੁਨੀਆਵੀ ਸਰਗਰਮੀਆਂ ਵਿੱਚ ਤਵਾਜ਼ਨ ਕਰਨ ਦੇ ਤਰੀਕੇ ਹਨ-'ਪਰਵਿਰਤ', ਬਾਹਰਲਾ ਅਮਲ; ਅਤੇ 'ਨਿਰਵਿਰਤ', ਅੰਦਰੂਨੀ ਸੋਚ-ਵਿਚਾਰ, ਗੁਰੂ ਨਾਨਕ ਨੇ ਆਖਿਆ, 'ਧਰਮ ਅਗਵਾਈ ਕਰਨ ਵਾਲੀ ਤਾਕਤ ਦਾ ਧੁਰਾ ਹੈ।' ਇਸ ਹੁਨਰ ਨੂੰ ਸਿੱਖ ਲੈਣ ਵਾਲਾ ਬੰਦਾ ਵੀਰ ਸੂਰਮਾ ਹੈ ਜਿਹੜਾ ਰੂਹਾਨੀਅਤ ਦੇ ਰਾਹ ਉੱਤੇ ਆਸਾਨੀ ਨਾਲ ਤੁਰ ਸਕਦਾ ਹੈ।

ਬੀਕਾਨੇਰ ਤੋਂ ਗੁਰੂ ਨਾਨਕ ਨੇ ਉੱਚ, ਮੁਲਤਾਨ, ਝੰਗ, ਦੇਪਾਲਪੁਰ, ਸ਼ੇਰ ਗੜ੍ਹ, ਮੇਘਾ, ਚੁਨੀਆਂ, ਮਾਣਕ ਦੇਕੀ, ਕੰਗਣਪੁਰ, ਕਸੂਰ, ਮਾਂਗਾ, ਲਾਹੌਰ ਅਤੇ ਸਿਆਲਕੋਰ ਦਾ ਸਫ਼ਰ ਕੀਤਾ ਅਤੇ ਵਾਪਿਸ ਕਰਤਾਰਪੁਰ ਪਹੁੰਚ ਗਏ।

ਉਨ੍ਹਾਂ ਨੇ ਪਹਿਲਾਂ ਬੀਕਾਨੇਰ ਤੋਂ ਉੱਚ ਦਾ ਸਫ਼ਰ ਕੀਤਾ।

ਅਸੀਂ ਇੰਡੀਆ-ਪਾਕਿਸਤਾਨ ਦੀ ਸਰਹੱਦ ਵਿੱਚ ਵਾਹਗਾ ਤੋਂ ਲੰਘ ਕੇ ਪਾਕਿਸਤਾਨ ਜਾ ਰਹੇ ਹਾਂ ਅਤੇ ਦੱਖਣੀ ਪੰਜਾਬ ਵਿੱਚ ਉੱਚ ਤੋਂ ਗੁਰੂ ਨਾਨਕ ਦੇ ਪਦਚਿੰਨ੍ਹਾਂ ਉੱਤੇ ਆਪਣਾ ਸਫ਼ਰ ਜਾਰੀ ਰੱਖਾਂਗੇ।

ਮੈਂ ਅਜ਼ਲ ਕਾ ਸ਼ੁਲ ਹੂ, ਕਾਇਨਾਤ ਕਾ ਨੂਰ ਹੂ।
ਮੈਂ ਮੇ ਤੂੰ ਮੌਜੂਦ।
ਉ ਅੱਲ੍ਹਾ ਕਾ ਅਗਾਹੀਆ। ਯਹਾਂ ਤੂੰ ਔਰ ਮੂੰ।
(ਅੱਲਨ ਫਕੀਰ)

ਮੈਂ ਅਜ਼ਲਾਂ ਤੋਂ ਸਿਰਜਣਾ ਦੀ ਤਿਣ ਹਾਂ, ਕਾਇਨਾਤ ਦਾ ਨੂਰ ਹਾਂ।
ਤੇਰਾ ਮੇਰੇ ਅੰਦਰ ਵਾਸਾ ਹੈ।
ਮੇਰੀ ਹੋਂਦ ਧੰਨ ਹੋ ਜਾਂਦੀ ਹੈ ਜਦੋਂ ਮੈਂ ਸਮਝ ਜਾਂਦਾ ਹਾਂ ਕਿ ਤੂੰ ਅਤੇ ਮੈਂ ਇਕ ਹੋਂਦ ਦਾ ਹਿੱਸਾ ਹਾਂ।
(ਅੱਲਨ ਫਕੀਰ)

ਗੁਰੂ ਨਾਨਕ ਦੂਜੀ ਵਾਰ ਉੱਚ ਜਾ ਰਹੇ ਸਨ। ਪਹਿਲੀ ਵਾਰ ਤੀਜੀ ਉਦਾਸੀ ਦੌਰਾਨ ਗੁਰੂ ਨਾਨਕ ਅਤੇ ਭਾਈ ਮਰਦਾਨਾ ਨੇ ਮਖ਼ਦੂਮ ਹਾਜੀ ਅਬਦੁਲ ਸ਼ੇਖ਼ ਬੁਖਾਰੀ ਕੋਲ ਸਮਾਂ ਗੁਜ਼ਾਰਿਆ ਸੀ ਜੋ ਜਲਾਲੁਦੀਨ ਬੁਖਾਰੀ ਦੀ ਦਰਗਾਹ ਦੇ ਤਤਕਾਲੀ 'ਮਖ਼ਦੂਮ' ਸਨ। ਦੂਜੀ ਵਾਰ ਤੱਕ ਮਖ਼ਦੂਮ ਹਾਜੀ ਅਬਦੁਲ ਸ਼ੇਖ਼ ਬੁਖਾਰੀ ਚਲਾਣਾ ਕਰ ਗਏ ਸਨ। ਉੱਚ ਵਿੱਚ ਸੰਖੇਪ ਜਿਹਾ ਪੜਾਅ ਕਰਨ ਤੋਂ ਗੁਰੂ ਨਾਨਕ ਚਿਨਾਬ ਨਦੀ ਵਿੱਚ ਚੜ੍ਹਦੇ ਪਾਸੇ ਨੂੰ ਮੁਲਤਾਨ ਸ਼ਹਿਰ ਗਏ।

ਗੁਰੂ ਨਾਨਕ ਦੇ ਪਦਚਿੰਨ੍ਹਾਂ ਉੱਤੇ ਅਸੀਂ ਉੱਚ ਤੋਂ ਉੱਤਰ ਵਾਲੇ ਪਾਸੇ ਨੂੰ ਮੁਲਤਾਨ ਸ਼ਹਿਰ ਦਾ ਸਫ਼ਰ ਕਰ ਰਹੇ ਹਾਂ।

ਅਸੀਂ ਸੂਫ਼ੀ ਫ਼ਕੀਰ ਹਜ਼ਰਤ ਸ਼ਾਹ ਸ਼ਮਸੁਦੀਨ ਸਬਜ਼ਵਾਰੀ ਦੀ ਦਰਗਾਹ ਉੱਤੇ ਜਾ ਰਹੇ ਹਾਂ ਜਿਨ੍ਹਾਂ ਦਾ ਜਨਮ ਅਫ਼ਗਾਨਿਸਤਾਨ ਵਿੱਚ ਸਬਜ਼ਵਾਰ ਵਿਖੇ ਹੋਇਆ ਸੀ।

**ਅਮਰਦੀਪ ਸਿੰਘ:** ਗੁਰੂ ਨਾਨਕ ਨੇ ਉੱਚ ਦਾ ਸਫ਼ਰ ਕੀਤਾ ਅਤੇ ਬਾਅਦ ਵਿੱਚ ਮੁਲਤਾਨ ਪਹੁੰਚੇ। ਉਹ ਹਜ਼ਰਤ ਸ਼ਾਹ ਸ਼ਮਸੁਦੀਨ ਸਬਜ਼ਵਾਰੀ ਦੀ ਦਰਗਾਹ ਉੱਤੇ ਗਏ।

ਹਜ਼ਰਤ ਸ਼ਾਹ ਸ਼ਮਸੁਦੀਨ ਸਬਜ਼ਵਾਰੀ ਤੇਰਵੀਂ ਸਦੀ ਦੇ ਸ਼ੁਰੂ ਵਿੱਚ ਬਰੇ-ਸਗੀਰ ਵਿੱਚ ਇਸਲਾਮ ਦਾ ਸੁਨੇਹਾ ਦੇਣ ਮੁਲਤਾਨ ਆਏ ਸਨ। ਉਨ੍ਹਾਂ ਦੀ ਰੂਹਾਨੀ ਸ਼ਾਇਰੀ ਮੁਕਾਮੀ ਬੋਲੀਆਂ ਵਿੱਚ ਹੈ ਜਿਸ ਵਿੱਚ ਇੰਡੀਆ ਬਰੇ-ਸਗੀਰ ਦੀ ਬੋਲੀਆਂ ਪੂਰਬੀ, ਹਿੰਦੀ, ਗੁਜਰਾਤੀ, ਸਿੰਧੀ, ਸਰਾਇਕੀ ਅਤੇ ਪੰਜਾਬੀ ਦੇ ਸ਼ਬਦਾਂ ਦੀ ਭਰਮਾਰ ਹੈ। ਉਹ ਲਿਖਦੇ ਹਨ;

ਸੱਚਾ ਮੇਰਾ ਖਾਲਿਕ ਸਿਰਜਣ, ਹਰ ਆਪੇ ਓਪਾਇਆ ਸ਼ਾਹ ਧੂੰਦੂਕਾਰ।
(ਹਜ਼ਰਤ ਸ਼ਾਹ ਸ਼ਮਸੁਦੀਨ ਸਬਜ਼ਵਾਰੀ)

ਖਾਲਿਕ ਸਿਰਜਣ ਵਾਲਾ ਮੇਰਾ ਸਿਰਜਣਹਾਰ ਸੱਚਾ ਹੈ। ਕਾਇਨਾਤੀ ਊਰਜਾ ਆਪੇ ਸਿਰਜਦੀ ਹੈ ਅਤੇ ਵਿਗਸਦੀ ਹੈ।
(ਹਜ਼ਰਤ ਸ਼ਾਹ ਸ਼ਮਸੁਦੀਨ ਸਬਜ਼ਵਾਰੀ)

ਇਨ੍ਹਾਂ ਸ਼ਬਦਾਂ ਨਾਲ ਮੈਨੂੰ ਗੁਰੂ ਨਾਨਕ ਦੀ ਰਚਨਾ 'ਜਪੁ' ਦਾ ਚੇਤਾ ਆਉਂਦਾ ਹੈ ਜਿਸ ਵਿੱਚ ਇਹੋ ਖ਼ਿਆਲ ਹੈ। ਸਿਰਜਣਾ ਸਾਜਣ ਤੋਂ ਬਾਅਦ, ਸਿਰਜਣਹਾਰ ਆਪ ਹੀ ਦੇਖ ਕੇ ਨਿਹਾਲ ਹੁੰਦਾ ਹੈ।

ਕਰਿ ਕਰਿ ਵੇਖੈ ਨਦਰਿ ਨਿਹਾਲ॥
(ਜਪੁ, ਗੁਰੂ ਨਾਨਕ)

ਕਰਤਾ ਸਿਰਜਣਾ ਕਰਦਾ ਹੈ ਅਤੇ ਆਪ ਹੀ ਦੇਖ ਕੇ ਨਿਹਾਲ ਹੁੰਦਾ ਹੈ।
(ਜਪੁ, ਗੁਰੂ ਨਾਨਕ)

ਤੀਜੀ ਉਦਾਸੀ ਦੌਰਾਨ ਗੁਰੂ ਨਾਨਕ ਅਤੇ ਭਾਈ ਮਰਦਾਨਾ ਨੇ ਮੁਲਤਾਨ ਦਾ ਸਫ਼ਰ ਕੀਤਾ ਅਤੇ ਉਨ੍ਹਾਂ ਦੀ ਮਹਿਮਾਨ-ਨਿਵਾਜ਼ੀ ਮਖ਼ਦੂਮ ਬਾਹਾਵਾਦੀ ਨੇ ਕੀਤੀ ਜੋ ਉਸ ਵੇਲੇ ਸ਼ੇਖ਼ ਬਾਹਾ-ਉਦ-ਦੀਨ ਜ਼ਕਰੀਆ ਦੀ ਦਰਗਾਹ ਦੇ ਰੂਹਾਨੀ ਮੁਖੀ ਅਤੇ ਸੇਵਾਦਾਰ ਸਨ। ਗੁਰੂ ਨਾਨਕ ਦੇ ਆਉਣ ਦੀ ਖ਼ਬਰ ਸੁਣ ਕੇ ਮਖ਼ਦੂਮ ਬਾਹਾਵਾਦੀ ਉਨ੍ਹਾਂ ਨੂੰ ਮਿਲਣ ਲਈ ਹਜ਼ਰਤ ਸ਼ਾਹ ਸ਼ਮਸੁਦੀਨ ਸਬਜ਼ਵਾਰੀ ਦੀ ਦਰਗਾਹ ਉੱਤੇ ਆ ਗਏ। ਉਹ ਇਹ ਜਾਣਨ ਲਈ ਜਗਿਆਸੂ ਸਨ ਕਿ ਗੁਰੂ ਨਾਨਕ ਨੇ ਆਪਣੇ ਘਰ ਦੇ ਆਰਾਮ ਛੱਡ ਕੇ ਉਦਾਸੀਆਂ ਜਾਰੀ ਰੱਖੀਆਂ ਹਨ ਅਤੇ ਸ਼ਾਇਦ ਉਹ ਕਿਸੇ ਰੂਹਾਨੀ ਉਸਤਾਦ ਦੀ ਭਾਲ ਵਿੱਚ ਹਨ। ਉਨ੍ਹਾਂ ਦੇ ਜੁਆਬ ਵਿੱਚ ਗੁਰੂ ਨਾਨਕ ਨੇ ਗਾਇਨ ਕੀਤਾ,

ਸਚੇ ਸੰਦਾ ਸਦੜਾ ਸੁਣੀਐ ਗੁਰ ਵੀਚਾਰਿ॥
ਸਚੇ ਸਚਾ ਬੈਹਣਾ ਨਦਰੀ ਨਦਰਿ ਪਿਆਰਿ॥
ਗਿਆਨੀ ਅੰਜਨੁ ਸਚ ਕਾ ਡੇਖੈ ਡੇਖਣਹਾਰੁ॥
ਗੁਰਮੁਖਿ ਬੂਝੈ ਜਾਣੀਐ ਹਉਮੈ ਗਰਬੁ ਨਿਵਾਰਿ॥
(ਰਾਗ ਮਾਰੂ ਕਾਫੀ, ਗੁਰੂ ਨਾਨਕ)

ਸੱਚੇ ਗੁਰ ਵਿਚਾਰ ਨੂੰ ਸੁਣਨਾ ਅਤੇ ਉਸੇ ਉੱਤੇ ਸੋਚ-ਵਿਚਾਰ ਕਰਨਾ ਹੀ ਸੱਚਾ ਅਤੇ ਸਦੀਵੀ ਰਾਹ ਹੈ।
ਜਦੋਂ ਸੱਚ ਮਨ ਅੰਦਰ ਵਸਿਆ ਹੁੰਦਾ ਹੈ ਤਾਂ ਮਨੁੱਖ ਪਿਆਰ ਵਿੱਚ ਵਰੋਸਾਇਆ ਜਾਂਦਾ ਹੈ।
ਗਿਆਨੀ ਦੀਆਂ ਅੱਖਾਂ ਵਿੱਚ ਸੱਚ ਸਜਿਆ ਹੈ ਅਤੇ ਉਨ੍ਹਾਂ ਦੀ ਤਾਂਘ ਸੱਚ ਨੂੰ ਦੇਖਣ ਦੀ ਸਲਾਹੀਅਤ ਰੱਖਣ ਵਾਲਿਆਂ ਨਾਲ ਮਿਲਣ ਦੀ ਹੈ।
ਰੂਹਾਨੀਅਤ ਦੇ ਆਰਜ਼ੂਮੰਦਾਂ ਨੂੰ ਅਹਿਸਾਸ ਹੁੰਦਾ ਹੈ ਅਤੇ ਉਹ ਜਾਣਦੇ ਹਨ ਕਿ ਹਉਮੈ ਅਤੇ ਗਰੂਰ ਦਾ ਨਿਵਾਰਨ ਹੋਣਾ ਚਾਹੀਦਾ ਹੈ।
(ਰਾਗ ਮਾਰੂ ਕਾਫੀ, ਗੁਰੂ ਨਾਨਕ)

ਗੁਰੂ ਨਾਨਕ ਰੂਹਾਨੀ ਸਹਿਯੋਗ ਵਾਲੇ ਰਾਹ ਦੇ ਪਾਂਧੀ ਸਨ। ਉਨ੍ਹਾਂ ਲਈ ਸੰਤਾਂ ਅਤੇ ਆਰਜ਼ੂਮੰਦਾਂ ਨਾਲ ਗੋਸ਼ਟਿ ਇਲਾਹੀ ਮੁਰਸ਼ਦ ਨਾਲ ਸੰਵਾਦ ਦੇ ਤੁੱਲ ਸੀ। ਜਿਸ ਥਾਂ ਉੱਤੇ ਮੁਹੱਬਤ ਅਤੇ ਸੱਚ ਦਾ ਵਾਸਾ ਸੀ, ਉਹੀ ਉਨ੍ਹਾਂ ਦਾ ਘਰ ਸੀ।

**ਅਥਰ ਜਾਹਾਨੀਆਂ ਜਾਹਾਨਗਸਤ:** ਮੁਲਤਾਨ ਨੂੰ ਸੂਫ਼ੀਆਂ ਦੀ ਧਰਤੀ ਕਿਹਾ ਜਾਂਦਾ ਹੈ। ਸਰਜ਼ਮੀਨੇ ਔਲੀਆ ਕਿਹਾ ਜਾਂਦਾ ਹੈ ਜਾਂ ਔਲੀਆ ਦਾ ਘਰ ਵੀ ਕਿਹਾ ਜਾਂਦਾ ਹੈ। ਬਾਬਾ ਗੁਰੂ ਨਾਨਕ ਸਰਕਾਰ ਜਦੋਂ ਇੱਥੇ ਆਏ ਤਾਂ ਉਸ ਵੇਲੇ ਦੇ ਔਲੀਆ ਜਿਨ੍ਹਾਂ ਦੇ ਨਾਵਾਂ ਦਾ ਜ਼ਿਕਰ ਨਹੀਂ ਆਉਂਦਾ ਪਰ ਔਲੀਆ ਕਾ ਜ਼ਿਕਰ ਆਉਂਦਾ ਹੈ ਕਿ ਉਨ੍ਹਾਂ ਨੇ ਦੁੱਧ ਕਟੋਰਾ ਭੇਜਿਆ। ਇੰਞ ਕਰਨ ਦਾ ਮਕਸਦ ਇਹ ਸੁਨੇਹਾ ਦੇਣਾ ਸੀ ਕਿ ਇਹ ਸੂਫ਼ੀਆ ਦੀ ਧਰਤੀ ਹੈ, ਇਹ ਤਾਂ ਪੂਰੀ ਭਰੀ ਹੋਈ ਹੈ। ਜਿਹੜੇ ਬਾਬਾ ਗੁਰੂ ਨਾਨਕ ਬਾਦਸ਼ਾਹ ਜੀ ਸਨ, ਉਨ੍ਹਾਂ ਨੇ ਉਸ ਪਿਆਲੇ ਦੇ ਅੰਦਰ ਚਮੇਲੀ ਦਾ ਫੁੱਲ ਰੱਖ ਦਿੱਤਾ ਕਿ ਇਸ ਦੀ ਆਪਣੀ ਮਹਿਕ ਹੈ, ਇਹ ਮਹਿਕ ਨਾਲ ਉਸ ਪਿਆਲੇ ਵਿੱਚ ਵਾਧਾ ਤਾਂ ਕਰੇਗਾ ਪਰ ਉਸ ਨੂੰ ਉਛਾਲਾ ਨਹੀਂ ਮਾਰਨ ਦਿੰਦਾ। ਇਹੀ ਖ਼ੂਬਸੂਰਤੀ ਸੀ ਬਾਬਾ ਗੁਰੂ ਨਾਨਕ ਬਾਦਸ਼ਾਹ ਦੀ ਕਿ ਉਹ ਇੱਥੇ ਆਏ ਅਤੇ ਆਪਣਾ ਪੈਗ਼ਾਮ ਲੈਕੇ ਆਏ ਅਤੇ ਆਪਣੇ ਨਾਲ ਲੋਕਾਂ ਨੂੰ ਜੋੜਿਆ।

ਭਾਈ ਗੁਰਦਾਸ ਦੀ ਵਾਰ ਵਿੱਚ ਜ਼ਿਕਰ ਆਉਂਦਾ ਹੈ,

ਅਗੋਂ ਪੀਰ ਮੁਲਤਾਨ ਦੇ ਦੁਧਿ ਕਟੋਰਾ ਭਰਿ ਲੈ ਆਈ।
ਬਾਬੇ ਕਢਿ ਕਰਿ ਬਗਲ ਤੇ ਚੰਬੇਲੀ ਦੁਧਿ ਵਿਚਿ ਮਿਲਾਈ।
ਜਿਉ ਸਾਗਰਿ ਵਿਚਿ ਗੰਗ ਸਮਾਈ॥
(ਭਾਈ ਗੁਰਦਾਸ)

ਮੁਲਤਾਨ ਦੇ ਪੀਰ ਦੁੱਧ ਦਾ ਕਟੋਰਾ ਭਰ ਲਿਆਏ।
ਬਾਬੇ ਨੇ ਆਪਣੀ ਬਗਲ ਵਿੱਚੋਂ ਕੱਢ ਕੇ ਚੰਮੇਲੀ ਦਾ ਫੁੱਲ ਦੁੱਧ ਉੱਤੇ ਰੱਖ ਦਿੱਤਾ ਜਿਵੇਂ ਕੋਈ ਨਦੀ ਸਮੁੰਦਰ ਵਿੱਚ ਜਾ ਮਿਲਦੀ ਹੈ।
(ਭਾਈ ਗੁਰਦਾਸ)

ਗੁਰੂ ਨਾਨਕ ਨੇ ਚੰਮੇਲੀ ਦਾ ਫੁੱਲ ਦੁੱਧ ਉੱਤੇ ਰੱਖ ਕੇ ਇਸ਼ਾਰੇ ਨਾਲ ਸੁਨੇਹਾ ਦਿੱਤਾ ਕਿ ਰੂਹਾਨੀ ਵਿਵੇਕ ਅਨੰਤ ਹੈ। ਇਸ ਲਈ ਬਹੁਤ ਸਾਰੀਆਂ ਸੋਚਾਂ ਇਤਫ਼ਾਕ ਨਾਲ ਇੱਕ-ਦੂਜੇ ਦੇ ਸੰਗੀਆਂ ਵਜੋਂ ਬਿਨਾਂ ਟਕਰਾਅ ਤੋਂ ਵਿਚਰ ਸਕਦੀਆਂ ਹਨ ਜੋ ਕਿਸੇ ਨਦੀ ਦੇ ਸਮੁੰਦਰ ਵਿੱਚ ਮਿਲ ਜਾਣ ਦੇ ਤੁੱਲ ਹੈ ਜੋ ਇਸ ਦੇ ਪਾਣੀ ਨੂ ਹਟਾਉਣ ਬਿਨਾਂ ਓਸ ਵਿੱਚ ਅਭੇਦ ਹੋ ਜਾਂਦੀ ਹੇ ।

ਗੁਰੂ ਨਾਨਕ ਦੇ ਬਰਾਬਰੀ ਵਾਲੇ ਫ਼ਲਸਫ਼ੇ ਨੇ 'ਗੁਰੂ ਗ੍ਰੰਥ ਸਾਹਿਬ' ਦਾ ਰੂਪ ਧਾਰਿਆ ਜੋ ਰੂਹਾਨੀ ਆਰਜ਼ੂਮੰਦਾਂ ਦੀ ਬਾਣੀ ਦਾ ਭੰਡਾਰ ਹੈ। ਇਸ ਵਿੱਚ ਵੱਖ-ਵੱਖ ਮਜ਼ਹਬਾਂ, ਤਹਿਜ਼ੀਬਾਂ ਅਤੇ ਸਮਾਜਿਕ ਤਬਕਿਆਂ ਦੇ ਸੰਤ ਅਤੇ ਅਭਿਲਾਸ਼ੀ ਸ਼ਾਮਿਲ ਹਨ। ਗੁਰੂ ਨਾਨਕ ਦੇ ਦਿਆਨਤ ਵਾਲੇ ਅਸੂਲਾਂ ਦੀ ਮਿਸਾਲ ਦੇਣ ਲਈ 'ਗੁਰੂ ਗ੍ਰੰਥ ਸਾਹਿਬ' ਵਿੱਚ ਸ਼ਾਮਿਲ ਸ਼ਬਦਾਂ ਦਾ ਹਵਾਲਾ ਦਿੱਤਾ ਜਾਂਦਾ ਹੈ।

ਇਹ ਦਿਲਚਸਪ ਹੈ ਕਿ ਹਜ਼ਰਤ ਸ਼ਾਹ ਸ਼ਮਸੁਦੀਨ ਸਬਜ਼ਵਾਰੀ ਦੀ ਦਰਗਾਹ ਦੇ ਧੁਰ ਅੰਦਰ ਕੰਧਾਂ ਉੱਤੇ ਗੁਰਮੁਖੀ ਵਿੱਚ ਸਿੱਖਾਂ ਦੇ ਨਾਮ ਲਿਖੇ ਹਨ। ਪੰਜਾਬੀ ਲਿਖਣ ਲਈ ਇਹ ਲਿਪੀ ਹੁਣ ਪੂਰਬੀ ਪੰਜਾਬ ਵਿੱਚ ਵਰਤੀ ਜਾਂਦੀ ਹੈ। ਇਸ ਦਰਗਾਹ ਦੇ ਸੇਵਾਦਾਰ ਨੇ ਦੱਸਿਆ ਕਿ ਇਹ ਉੱਨੀ ਸੌ ਸੰਤਾਲੀ ਤੋਂ ਪਹਿਲਾਂ ਦੇ ਹਨ ਜਦੋਂ ਗੁਰੂ ਨਾਨਕ ਦੀ ਯਾਦ ਵਿੱਚ ਸਿੱਖ ਇਸ ਦਰਗਾਹ ਉੱਤੇ ਅਕੀਦਤ ਲਈ ਆਉਂਦੇ ਸਨ।
ਗੁਰੂ ਨਾਨਕ ਨੇ ਮੁਲਤਾਨ ਤੋਂ ਚਿਨਾਬ ਦੇ ਚੜ੍ਹਦੇ ਪਾਸੇ ਨੂੰ ਝੰਗ ਸ਼ਹਿਰ ਦਾ ਸਫ਼ਰ ਕੀਤਾ।

ਅਸੀਂ ਹੁਣ ਮੁਲਤਾਨ ਤੋਂ ਝੰਗ ਜ਼ਿਲ੍ਹੇ ਦੇ ਪਿੰਡ ਨਾਨਕ ਸਿਰ ਜਾ ਰਹੇ ਹਾਂ।

ਜਦੋਂ ਉੱਨੀ ਸੌ ਸੰਤਾਲੀ ਵਿੱਚ ਬਰੇ-ਸਗੀਰ ਦੀ ਮਜ਼ਹਬਾਂ ਦੀ ਬੁਨਿਆਦ ਉੱਤੇ ਵੰਡ ਹੋਈ ਤਾਂ ਹਿੰਦੂ ਅਤੇ ਸਿੱਖ ਬਰਾਦਰੀ ਪੂਰਬ ਵਾਲੇ ਪਾਸੇ ਨੂੰ ਇੰਡੀਆ ਹਿਜਰਤ ਕਰ ਗਈ। ਇਸੇ ਤਰ੍ਹਾਂ ਮੁਸਲਮਾਨਾਂ ਦੀ ਹਿਜਰਤ ਪੱਛਮ ਵਾਲੇ ਪਾਸੇ ਨੂੰ ਉਸ ਇਲਾਕੇ ਵਿੱਚ ਹੋਈ ਜਿਹੜਾ ਪਾਕਿਸਤਾਨ ਬਣਿਆ। ਕਈਆਂ ਨੇ ਇੱਥੇ ਆ ਕੇ ਉਜਾੜ ਪਈਆਂ ਇਮਾਰਤਾਂ ਵਿੱਚ ਪਨਾਹ ਲਈ, ਜਿਵੇਂ ਕਿ ਇਸ ਇਤਿਹਾਸਕ ਗੁਰਦਵਾਰੇ ਦੀ ਇਮਾਰਤ ਹੈ।

**ਅਮਰਦੀਪ ਸਿੰਘ:** ਝੰਗ ਸ਼ਹਿਰ ਦੇ ਲਾਗੇ ਇਸ ਪਿੰਡ ਦਾ ਨਾਮ ਨਾਨਕ ਸਿਰ ਗੁਰੂ ਨਾਨਕ ਦੇ ਨਾਮ ਉੱਤੇ ਰੱਖਿਆ ਗਿਆ ਹੈ। ਇਹ ਗੁਰਦਵਾਰਾ ਗੁਰੂ ਨਾਨਕ ਦੀ ਯਾਦ ਵਿੱਚ ਬਣਾਇਆ ਗਿਆ ਸੀ।

**ਅਮਰਦੀਪ ਸਿੰਘ:** ਪਿੰਡ ਵਾਸੀਆਂ ਨਾਲ ਵਿਚਾਰਾਂ ਕਰਦਿਆਂ ਮੈਂ ਉਨ੍ਹਾਂ ਤੋਂ ਪੁੱਛਿਆ ਕਿ, ਕੀ ਉਹ ਇਸ ਗੁਰਦਵਾਰੇ ਦੀ ਇਤਿਹਾਸਕ ਅਹਿਮੀਅਤ ਤੋਂ ਜਾਣੂ ਹਨ। ਉਹ ਅਣਜਾਣ ਸਨ। ਇਸ ਦੇ ਬਾਵਜੂਦ ਉਹ ਸਤਿਕਾਰ ਵਜੋਂ ਇੱਥੇ ਰੋਜ਼ਾਨਾ ਦੀਵਾ ਜਗਾਉਂਦੇ ਹਨ।

ਪਿੰਡ ਵਾਸੀ ਸਾਨੂੰ ਖ਼ਾਦਿਮ ਹੁਸੈਨ ਕੋਲ ਲੈ ਗਏ ਜੋ ਸਤਾਰਾਂ ਸਾਲ ਦੀ ਉਮਰ ਵਿੱਚ ਵੰਡ ਦੌਰਾਨ ਹਿਜਰਤ ਕਰ ਕੇ ਇੱਥੇ ਆਏ ਸਨ।

**ਖ਼ਾਦਿਮ ਹੁਸੈਨ:** ਮੈਂ ਜਦੋਂ ਇੱਥੇ ਆਇਆ, ਉਸ ਵੇਲੇ ਮੇਰੀ ਸੋਲ੍ਹਾਂ-ਸਤਾਰਾਂ ਸਾਲ ਉਮਰ ਸੀ। ਬਾਬੇ ਨਾਨਕ ਦੇ ਬਾਰੇ ਅਸੀ ਆਪਣੇ ਬਜ਼ੁਰਗਾਂ ਕੋਲੋਂ ਸੁਣਿਆ ਕਿ ਬਾਬਾ ਗੁਰੂ ਨਾਨਕ ਸਾਹਿਬ, ਇਸ ਜਗ੍ਹਾਂ ਦੇ ਉੱਤੇ ਜੰਗਲ ਸੀ, ਇਸ ਜਗ੍ਹਾਂ ਉੱਤੇ ਆਏ ਉਨ੍ਹਾਂ ਨੇ ਇੱਥੇ ਅੰਨ-ਪਾਣੀ ਖਾਂਦਾ, ਖਾ ਕੇ ਸ਼ਾਮ ਵੇਲੇ ਠੰਢੇ ਹੋਏ ਟੁਰ ਗਏ। ਜਦੋ ਅਸੀ ਇੱਥੇ ਆਏ, ਇੱਥੇ ਚਿਰਾਗ਼ ਬਲਦੇ ਹੁੰਦੇ ਸੀ। ਅੱਜ ਵੀ ਪਿੰਡ ਦੇ ਬੰਦੇ ਇਥੇ ਚਿਰਾਗ਼ ਬਾਲਦੇ ਹਨ।

ਪਿੰਡ ਵਾਸੀਆਂ ਦੇ ਇਸ ਤਰ੍ਹਾਂ ਚਿਰਾਗ਼ ਜਲਾਉਣ ਨੂੰ ਮੈਂ ਹਉਮੈ ਬਾਲਣ ਦੀ ਨਿਸ਼ਾਨੀ ਵਜੋਂ ਵੇਖਦਾ ਹਾਂ ਅਤੇ ਇਨ੍ਹਾਂ ਦੇ ਚਾਨਣ ਨੂੰ ਰੂਹਾਨੀ ਜਾਗਰੁਕਤਾ ਸਮਝਦਾ ਹਾਂ। ਇਹ ਆਸ ਜਗਾਉਂਦੇ ਹਨ ਕਿ ਬੀਤੇ ਸਮੇਂ ਵਿੱਚ ਕੀਤੀਆਂ ਗ਼ਲਤੀਆਂ ਨੂੰ ਆਉਣ ਵਾਲੇ ਸਮੇਂ ਵਿੱਚ ਦੁਹਰਾਇਆ ਨਹੀਂ ਜਾਵੇਗਾ।

ਨਾਇ ਨਿਵਾਜਾ ਨਾਤੈ ਪੂਜਾ ਨਾਵਨਿ ਸਦਾ ਸੁਜਾਣੀ॥
ਮੁਇਆ ਜੀਵਦਿਆ ਗਤਿ ਹੋਵੈ ਜਾਂ ਸਿਰਿ ਪਾਈਐ ਪਾਣੀ॥
(ਰਾਗ ਮਾਝ, ਗੁਰੂ ਨਾਨਕ)

ਇਬਾਦਤ ਤੋਂ ਪਹਿਲਾਂ ਕੋਈ ਵਜ਼ੂ ਕਰਦਾ ਹੈ ਅਤੇ ਕੋਈ ਇਸ਼ਨਾਨ ਕਰਦਾ ਹੈ ਪਰ ਰੌਸ਼ਨਖ਼ਿਆਲ ਮਨੁੱਖ
ਸਦਾ ਆਪਣੀਆਂ ਸੋਚਾਂ ਸਾਫ਼ ਕਰਦਾ ਹੈ।
ਵਿਕਾਰਾਂ ਤੋਂ ਛੁਟਕਾਰਾ ਬੰਦਖਲਾਸੀ ਦੇ ਤੁੱਲ ਹੈ। ਹਉਮੈ ਦੀ ਮੈਲ ਨੂੰ ਧੋਣਾ ਸਫ਼ਾਈ ਸਮਾਨ ਹੈ।
(ਰਾਗ ਮਾਝ, ਗੁਰੂ ਨਾਨਕ)

ਕੁਝ ਸ਼ਰਧਾਲੂ ਨਮਾਜ਼ ਪੜ੍ਹਣ ਤੋਂ ਪਹਿਲਾਂ ਵਜ਼ੂ ਕਰਦੇ ਹਨ। ਨਮਾਜ਼ ਪੜ੍ਹਣ ਲਈ ਗੋਡੇ ਟੇਕਣਾ ਆਪਣੀ ਹਉਮੈ ਨੂੰ ਸਮਰਪਣ ਕਰਨ ਦੇ ਤੁੱਲ ਹੈ। ਕੁਝ ਸ਼ਰਧਾਲੂ 'ਪੂਜਾ' ਕਰਨ ਤੋਂ ਪਹਿਲਾਂ ਇਸ਼ਨਾਨ ਕਰਦੇ ਹਨ। ਪੂਜਾ ਕਰਨਾ ਆਪਣੀ ਚੇਤਨਾ ਨੂੰ ਜਗਾਉਣ ਵਾਲਾ ਕਰਮ ਹੈ। ਗੁਰੂ ਨਾਨਕ ਆਖਦੇ ਹਨ ਕਿ ਰੌਸ਼ਨਖ਼ਿਆਲ ਮਨੁੱਖ ਹਉਮੈ ਤੋਂ ਛੁਟਕਾਰਾ ਪਾ ਕੇ ਆਪਣੀਆਂ ਸੋਚਾਂ ਸਾਫ਼ ਕਰਦੇ ਹਨ ਅਤੇ ਆਪਣੀ ਚੇਤਨਾ ਨੂੰ ਜਗਾਉਂਦੇ ਹਨ।

ਗੁਰੂ ਨਾਨਕ ਨੇ ਝੰਗ ਤੋਂ ਦੇਪਾਲਪੁਰ ਦਾ ਸਫ਼ਰ ਕੀਤਾ।

ਅਸੀਂ ਗੁਰੂ ਨਾਨਕ ਦੇ ਪਦਚਿੰਨ੍ਹਾਂ ਉੱਤੇ ਝੰਗ ਤੋਂ ਦੇਪਾਲਪੁਰ ਦਾ ਸਫ਼ਰ ਕਰ ਰਹੇ ਹਾਂ ਜੋ ਕਿ ਉਕਾਰਾ ਜ਼ਿਲ੍ਹੇ ਦਾ ਕਸਬਾ ਹੈ।

ਅਸੀਂ ਛੋਟਾ ਨਨਕਿਆਣਾ ਗੁਰਦਵਾਰੇ ਵਾਲੀ ਪੁਰਾਣੀ ਥਾਂ ਉੱਤੇ ਜਾ ਰਹੇ ਹਾਂ ਜਿੱਥੇ ਗੁਰੂ ਨਾਨਕ ਦੇ ਦੇਪਾਲਪੁਰ ਆਉਣ ਦੀ ਯਾਦ ਵਿੱਚ ਗੁਰਦਵਾਰਾ ਬਣਾਇਆ ਗਿਆ ਸੀ। ਸੰਨ ਉੱਨੀ ਸੌ ਸੰਤਾਲੀ ਵਿੱਚ ਮਜ਼ਹਬੀ ਬੁਨਿਆਦ ਉੱਤੇ ਹੋਈ ਬਰੇ-ਸਗੀਰ ਦੀ ਵੰਡ ਦੌਰਾਨ ਇਹ ਗੁਰਦਵਾਰਾ ਵਿਰਾਨ ਹੋ ਗਿਆ ਅਤੇ ਉਸ ਤੋਂ ਬਾਅਦ ਇਹ ਮੁਹਾਜਿਰ ਪਰਿਵਾਰਾਂ ਦੀ ਰਿਹਾਇਸ਼ ਬਣਿਆ ਹੋਇਆ ਹੈ।

ਖੰਡਰ ਹੋਏ ਇਸ ਗੁਰਦਵਾਰੇ ਦੀਆਂ ਕੰਧਾਂ ਉੱਤੇ ਉਕਰੇ 'ਗੁਰੂ ਗ੍ਰੰਥ ਸਾਹਿਬ' ਦੇ ਸ਼ਬਦਾਂ ਉੱਤੇ ਸਮੇਂ ਦਾ ਅਸਰ ਨਹੀਂ ਹੋਇਆ।

ਆਪੇ ਹਰਿ ਇਕ ਰੰਗੁ ਹੈ ਆਪੇ ਬਹੁ ਰੰਗੀ॥
ਜੋ ਤਿਸੁ ਭਾਵੈ ਨਾਨਕਾ ਸਾਈ ਗਲ ਚੰਗੀ॥
(ਗੁਰੂ ਰਾਮਦਾਸ)

ਕਰਤਾ ਇੱਕ ਰੰਗ ਹੈ ਅਤੇ ਬਹੁ ਰੰਗੀ ਵੀ ਹੈ।
ਗੁਰੂ ਨਾਨਕ ਨੇ ਫ਼ਰਮਾਇਆ ਕਿ ਕੁਦਰਤ ਦੇ ਨੇਮ ਮੁਤਾਬਕ ਹੋਈ ਗੱਲ ਹੀ ਚੰਗੀ ਹੈ।
(ਗੁਰੂ ਰਾਮਦਾਸ)

ਮੈਂ ਸੋਚਦਾ ਹਾਂ ਕਿ, ਕੀ ਇਸ ਵਿੱਚ ਕੋਈ ਗੁੱਝਾ ਸੁਨੇਹਾ ਹੈ ਕਿ ਜੇ ਕੋਈ ਸਮਾਜ ਰੂਹਾਨੀ ਗੁਣਾਂ ਵਿੱਚ ਡੂੰਘਾ ਰਚਿਆ ਹੈ ਤਾਂ ਉਹ ਤਬਾਹਕੁੰਨ ਤਾਕਤਾਂ ਖ਼ਿਲਾਫ਼ ਦ੍ਰਿੜਤਾ ਨਾਲ ਖੜ੍ਹਾ ਹੋਣ ਦਾ ਬਲ ਜੋੜਦਾ ਹੈ।

ਜਿਉ ਗੋਡਹੁ ਤਿਉ ਤੁਮ੍ ਸੁਖ ਪਾਵਹੁ ਕਿਰਤੁ ਨ ਮੇਟਿਆ ਜਾਈ॥

---

(ਰਾਗ ਬਸੰਤ, ਗੁਰੂ ਨਾਨਕ )

ਕੋਈ ਵਿਚਾਰ ਵਿੱਚ ਜਿੰਨਾ ਡੂੰਘਾ ਉਤਰਦਾ ਹੈ ਓਨਾ ਹੀ ਸੁੱਖ ਪਾਉਂਦਾ ਹੈ। ਇਹ ਕਰਮ ਮਨਫ਼ੀ ਨਹੀਂ ਕੀਤਾ ਜਾ ਸਕਦਾ।
(ਰਾਗ ਬਸੰਤ, ਗੁਰੂ ਨਾਨਕ)

'ਡੂੰਘਾ ਉਤਰਨ' ਦਾ ਮਾਅਨਾ ਹੈ, ਆਪਣੀ ਸਮਰੱਥਾ ਮੁਤਾਬਕ ਪੁਰਜ਼ੋਰ ਉਪਰਾਲਾ ਕਰਨਾ। ਗੁਰੂ ਨਾਨਕ ਫ਼ਰਮਾਉਂਦੇ ਹਨ ਕਿ ਆਪਣੀ ਕਿਰਤ ਬਾਰੇ ਵਿਚਾਰ ਵਿੱਚ ਮਨੁੱਖ ਜਿੰਨਾ ਡੂੰਘਾ ਉਤਰਦਾ ਹੈ, ਓਨਾ ਹੀ ਉਸ ਨੂੰ ਸੁੱਖ ਦਾ ਅਹਿਸਾਸ ਹੁੰਦਾ ਹੈ। ਉਹ ਦ੍ਰਿੜ ਕਰਵਾਉਂਦੇ ਹਨ ਕਿ ਸੰਜੀਦਾ ਉਪਰਾਲਿਆਂ ਨੂੰ ਰੱਦ ਨਹੀਂ ਕੀਤਾ ਜਾ ਸਕਦਾ। ਜਿੰਨਾ ਸੁੱਖ ਸਾਡੇ ਅੰਦਰ ਹੋਵੇਗਾ, ਓਨਾ ਸੁੱਖ ਸਾਡੇ ਆਲੇ-ਦੁਆਲੇ ਹੋਵੇਗਾ।

ਗੁਰੂ ਨਾਨਕ ਨੇ ਦਿਪਾਲਪੁਰ ਤੋਂ ਸ਼ੇਰ ਗੜ੍ਹ ਦਾ ਸਫ਼ਰ ਕੀਤਾ।

ਗੁਰੂ ਨਾਨਕ ਦੇ ਪਦਚਿੰਨ੍ਹਾਂ ਉੱਤੇ ਅਸੀਂ ਦਿਪਾਲਪੁਰ ਤੋਂ ਸ਼ੇਰ ਗੜ ਦਾ ਸਫ਼ਰ ਕਰ ਰਹੇ ਹਾਂ।

ਅਸੀਂ ਕਾਦਰੀ ਸਿਲਸਿਲੇ ਦੇ ਸੂਫ਼ੀ ਸੰਤ ਦਾਉਦ ਕਿਰਮਾਨੀ ਦੇ ਮਜ਼ਾਰ ਉੱਤੇ ਜਾ ਰਹੇ ਹਾਂ ਜੋ ਗੁਰੂ ਨਾਨਕ ਦੇ ਸਮਕਾਲੀ ਸਨ।

'ਮਿਹਰਬਾਨ ਜਨਮਸਾਖੀ' ਵਿੱਚ ਜ਼ਿਕਰ ਆਉਂਦਾ ਹੈ ਕਿ ਸ਼ੇਰ ਗੜ ਵਿੱਚ ਗੁਰੂ ਨਾਨਕ ਦੀ ਮੁਲਾਕਾਤ ਦਾਉਦ ਕਿਰਮਾਨੀ ਨਾਲ ਹੋਈ ਜੋ ਰੂਹਾਨੀ ਪੱਖੋਂ ਪਹੁੰਚੇ ਹੋਏ ਇਨਸਾਨ ਸਨ। ਗੋਸ਼ਟਿ ਦੌਰਾਨ ਦਾਉਦ ਕਿਰਮਾਨੀ ਨੇ ਜ਼ਿਕਰ ਕੀਤਾ ਕਿ ਲਾਹੌਰ ਵਾਲੇ ਸਈਅਦ ਅਬਦੁਲ ਕਾਦਿਰ ਗ਼ਿਲਾਨੀ ਉਨ੍ਹਾਂ ਦੇ ਮੁਰਸ਼ਦ ਸਨ।

ਇਸ ਗੋਸ਼ਟਿ ਦੌਰਾਨ ਗੁਰੂ ਨਾਨਕ ਵਿੱਚ ਲਾਹੌਰ ਜਾ ਕੇ ਸਈਅਦ ਅਬਦੁਲ ਕਾਦਿਰ ਗ਼ਿਲਾਨੀ ਨੂੰ ਮਿਲਣ ਦੀ ਤਾਂਘ ਪੈਦਾ ਹੋਈ।

ਅਸੀਂ ਸ਼ੇਰ ਗੜ੍ਹ ਵਿੱਚ ਸਈਅਦ ਖ਼ੁਰਸ਼ੀਦ ਮੁਸਲਿਮ ਸਾਹਿਬ ਨੂੰ ਮਿਲੇ ਜੋ ਦਾਉਦ ਕਿਰਮਾਨੀ ਦੀ ਮਜ਼ਾਰ ਦੇ ਮਖ਼ਦੂਮ ਹਨ।

**ਸਈਅਦ ਖ਼ੁਰਸ਼ੀਦ ਮੁਸਲਿਮ:** ਹਜ਼ੂਰ ਗੁਰੂ ਨਾਨਕ ਸਾਹਿਬ ਮੁਲਤਾਨ ਤੋਂ ਦਿਪਾਲਪੁਰ ਅਤੇ ਦੇਪਾਲਪੁਰ ਤੋਂ ਸ਼ੇਰ ਗੜ ਆਏ ਸਨ। ਸ਼ੇਰ ਗੜ੍ਹ ਵਿੱਚ ਜਨਾਬ ਦਾਉਦ ਵਲੀ ਕਿਰਮਾਨੀ ਦਾ ਰੋਜ਼ਾ ਮੁਬਾਰਕ ਹੈ, ਇਹ ਉਸ ਵੇਲੇ ਉਨ੍ਹਾਂ ਦੀ ਰਿਹਾਇਸ਼ ਸੀ। ਇੱਥੇ ਹੀ ਜਨਾਬ ਗੁਰੂ ਨਾਨਕ ਸਾਹਿਬ ਅਤੇ ਹਜ਼ਰਤ ਦਾਉਦ ਵਲੀ ਕਿਰਮਾਨੀ ਦੀ ਮੁਲਾਕਾਤ ਹੋਈ। ਜਨਾਬ ਦਾਉਦ ਵਲੀ ਕਿਰਮਾਨੀ ਦੇ ਅੱਬਾ-ਅਜਦਾਦ ਸਾਉਦੀ ਅਰਬ ਤੋਂ ਇਰਾਨ, ਕੁਮ, ਕੁਮ ਤੋਂ ਸਿੰਧ, ਸਿੰਧ ਤੋਂ ਇੱਥੇ ਤਸ਼ਰੀਫ਼ ਲਿਆਏ ਸਨ। ਜਨਾਬ ਬਾਬਾ ਗੁਰੂ ਨਾਨਕ ਸਾਹਬ ਵੀ ਚਾਹੁੰਦੇ ਸਨ ਕਿ ਇਨਸਾਨ ਆਪਸ ਵਿੱਚ ਇਕੱਠੇ ਪਿਆਰ-ਮੁਹੱਬਤ ਨਾਲ ਰਹਿਣ। ਇਹ ਰੋਜ਼ ਦੀ ਖਟ-ਖਟ, ਲੜਾਈਆਂ-ਸੜਾਈਆਂ ਤੋਂ ਗੁਰੇਜ਼ ਕਰਨ ਅਤੇ ਸੁੱਖ ਦਾ ਵਕਤ ਗੁਜ਼ਾਰਨ। ਜਨਾਬ ਦਾਉਦ ਵਲੀ ਸਾਹਿਬ

ਮੁਸਲਮਾਨ ਸਨ, ਉਹ ਵੀ ਚਾਹੁੰਦੇ ਸਨ ਕਿ ਇਨਸਾਨੀਅਤ ਨੂੰ ਸੁੱਖ ਦਿਓ। ਇਨਸਾਨ ਨੂੰ ਇਨਸਾਨ ਸਮਝ ਪਿਆਰ ਕਰੋ, ਮੁਹੱਬਤ ਕਰੋ, ਇੱਕ ਦੂਜੇ ਨਾਲ ਜ਼ਿਆਦਤੀ ਨਾ ਕਰੋ। ਇਸ ਮਿਸ਼ਨ ਦੇ ਤਹਿਤ ਉਨ੍ਹਾਂ ਦੀ ਮੁਲਾਕਾਤ ਹੋਈ। ਕੁਝ ਇਨ੍ਹਾਂ ਦੇ ਖ਼ਿਆਲਾਤ ਮਿਲਦੇ ਸਨ ਤਾਂ ਉਹ ਮਿਲੇ ਸਨ।

ਗਰੀਕ ਬੋਲੀ ਦਾ ਇਜ਼ਹਾਰ 'ਮੈਟਾਮੌਰਫੋਸਿਸ' ਦੋ ਸ਼ਬਦਾਂ ਦੇ ਜੋੜ੍ਹ ਨਾਲ ਬਣਿਆ ਹੈ। 'ਮੈਟਾ' ਦਾ ਮਾਅਨਾ 'ਬਾਅਦ' ਅਤੇ 'ਮੌਰਫ' ਦਾ ਮਾਅਨਾ 'ਰੂਪ' ਹੈ। ਇਹ ਵਿਗਾਸ ਦੇ ਪੜਾਵਾਂ ਦੀ ਨਿਸ਼ਾਨਦੇਹੀ ਕਰਦਾ ਹੈ। ਇਸ ਦਾ ਮਾਅਨਾ ਉਸ ਤਰਕੀਬ ਨਾਲ ਮਿਲਦਾ-ਜੁਲਦਾ ਹੈ ਜਿਸ ਤਹਿਤ ਇੱਕ ਸੁੰਡੀ ਦਾ ਵਿਗਾਸ ਤਿਤਲੀ ਦੇ ਰੂਪ ਵਿੱਚ ਹੁੰਦਾ ਹੈ।

ਗੁਰੂ ਨਾਨਕ ਨੇ ਆਪਣੀ ਬਾਣੀ 'ਜਪੁ' ਵਿਚ ਰੂਹਾਨੀ 'ਮੈਟਾਮੌਰਫੋਸਿਸ' ਦੇ ਪੰਜ ਵਿਸਤਾਰ 'ਖੰਡ' ਵਜੋਂ ਬਿਆਨ ਕੀਤੇ ਹਨ-ਇਹ ਮਨੁੱਖਾ ਮਨ ਦੇ ਆਪਣੇ ਆਪੇ ਨਾਲ ਇੱਕਸੁਰ ਹੋਣ ਲਈ ਲੋੜੀਂਦੇ ਵਿਗਾਸ ਦੇ ਪੜਾਅ ਹਨ। ਇਹ ਪੜਾਅ 'ਧਰਮ ਖੰਡ' ਤੋਂ ਸ਼ੁਰੂ ਹੁੰਦੇ ਹਨ ਅਤੇ 'ਗਿਆਨ ਖੰਡ', 'ਸਰਮ ਖੰਡ', 'ਕਰਮ ਖੰਡ' ਤੋਂ ਹੁੰਦੇ ਹੋਏ 'ਸੱਚ ਖੰਡ' ਦੇ ਸਿਖਰ ਉੱਤੇ ਪਹੁੰਚਦੇ ਹਨ।

'ਧਰਮ' ਸੰਸਕ੍ਰਿਤ ਦਾ ਸ਼ਬਦ ਹੈ ਜਿਸ ਦਾ ਮਾਅਨਾ ਫ਼ਰਜ਼ ਨਿਭਾਉਣਾ ਅਤੇ ਇਮਦਾਦ ਕਰਨਾ ਹੈ। ਗੁਰੂ ਨਾਨਕ ਨੇ 'ਧਰਮ ਖੰਡ' ਦੇ ਵਿਸਤਾਰ ਬਾਰੇ ਫ਼ਰਮਾਇਆ ਹੈ ਕਿ ਰੋਜ਼ਾਨਾ ਫ਼ਰਜ਼ਾਂ ਨੂੰ ਨਿਭਾਉਣ ਵੇਲੇ ਨੇਕੀ ਨਾਲ ਜੁੜੇ ਰਹਿਣਾ ਅਤੇ ਇਸੇ ਦਾ ਪੱਖ ਪੂਰਨਾ ਸਭ ਤੋਂ ਅਹਿਮ ਹੈ।

ਧਰਮ ਖੰਡ ਕਾ ਏਹੋ ਧਰਮੁ॥
(ਜਪੁ, ਗੁਰੂ ਨਾਨਕ)

ਨੇਕੀ 'ਧਰਮ ਖੰਡ' ਦਾ ਧਰਮ ਹੈ।
(ਜਪੁ, ਗੁਰੂ ਨਾਨਕ)

ਮੰਨਿਆ ਜਾਂਦਾ ਹੈ ਕਿ ਸ਼ੇਰ ਗੜ ਤੋਂ ਗੁਰੂ ਨਾਨਕ ਨੇ ਮੇਘਾ ਅਤੇ ਚੁਨੀਆਂ ਪਿੰਡਾਂ ਰਾਹੀਂ ਸਫ਼ਰ ਕੀਤਾ।

ਗੁਰੂ ਨਾਨਕ ਦੇ ਪਦਚਿੰਨ੍ਹਾਂ ਉੱਤੇ ਅਸੀਂ ਸ਼ੇਰ ਗੜ ਤੋਂ ਮੇਘਾ ਅਤੇ ਚੁਨੀਆਂ ਪਿੰਡਾਂ ਵਿੱਚੋਂ ਲੰਘ ਕੇ ਜਾ ਰਹੇ ਹਾਂ। ਮੇਘਾ ਵਿੱਚ ਖਸਤਾਹਾਲ ਅਤੇ ਵੀਰਾਨ ਛੋਟਾ ਨਨਕਿਆਣਾ ਗੁਰਦਵਾਰਾ ਹੈ ਜੋ ਗੁਰੂ ਨਾਨਕ ਦੀ ਯਾਦ ਵਿੱਚ ਬਣਾਇਆ ਗਿਆ ਸੀ।

ਚੁਨਿਯਨ ਵਿੱਚ ਇਸ ਗੁਰਦਵਾਰੇ ਦਾ ਕੁਜ ਵੀ ਤਾਰਖ਼ੀ ਜ਼ਿਕਰ ਨਹੀਂ ਮਿਲਦਾ।

'ਗਿਆਨ' ਸੰਸਕ੍ਰਿਤ ਦਾ ਸ਼ਬਦ ਹੈ ਜਿਸ ਦਾ ਮਾਅਨਾ ਬੋਧ ਹੈ। ਮਨੁੱਖ ਕੋਲ ਕੁਝ ਗਿਆਨ ਜਮਾਂਦਰੂ ਹੁੰਦਾ ਹੈ ਅਤੇ ਬਾਕੀ ਹਾਸਿਲ ਕੀਤਾ ਜਾਂਦਾ ਹੈ। ਗੁਰੂ ਨਾਨਕ ਨੇ ਆਖਿਆ ਕਿ 'ਗਿਆਨ ਖੰਡ' ਦੇ ਵਿਸਤਾਰ ਵਿੱਚ ਪਹੁੰਚ ਕੇ ਮਨੁੱਖ ਗਿਆਨ ਦੀਆਂ ਬੇਇੰਤਹਾ ਕਿਸਮਾਂ ਨਾਲ ਵਰੋਸਾਇਆ ਜਾਂਦਾ ਹੈ ਪਰ ਗਿਆਨ ਆਪਣੇ ਆਪ

ਵਿੱਚ ਨਾਕਾਫ਼ੀ ਹੈ। ਇਸ ਨੂੰ ਆਤਮ-ਪੜਚੋਲ ਰਾਹੀਂ ਹਾਸਿਲ ਕੀਤੇ ਵਿਵੇਕ ਨਾਲ ਜੋੜਨਾ ਪੈਂਦਾ ਹੈ। ਇਹ ਕਿਸੇ ਹੁਨਰਮੰਦ ਤੀਰ-ਅੰਦਾਜ਼ ਦੀ ਕਲਾ ਹੈ ਜੋ ਕਮਾਣ ਨੂੰ ਆਪਣੇ ਵਾਲੇ ਪਾਸੇ ਨੂੰ ਖਿੱਚਦਾ ਹੈ ਤਾਂ ਕਿ ਤੀਰ ਨਿਸ਼ਾਨੇ ਉੱਤੇ ਮਾਰਿਆ ਜਾ ਸਕੇ।

ਗਿਆਨ ਖੰਡ ਮਹਿ ਗਿਆਨੁ ਪਰਚੰਡੁ॥
(ਜਪੁ, ਗੁਰੂ ਨਾਨਕ)

'ਗਿਆਨ ਖੰਡ' ਵਿੱਚ ਆਤਮਿਕ ਗਿਆਨ ਹੀ ਪ੍ਰਚੰਡ ਹੈ।
(ਜਪੁ, ਗੁਰੂ ਨਾਨਕ)

ਗੁਰੂ ਨਾਨਕ ਨੇ ਮਾਨਕ ਦੇਕੀ ਅਤੇ ਕੰਗਨਪੁਰ ਪਿੰਡਾਂ ਵਿੱਚੋਂ ਆਪਣਾ ਸਫ਼ਰ ਜਾਰੀ ਰੱਖਿਆ।

ਗੁਰੂ ਨਾਨਕ ਦੇ ਪਦਚਿੰਨ੍ਹਾਂ ਉੱਤੇ ਅਸੀਂ ਮਾਨਕ ਦੇਕੀ ਅਤੇ ਕੰਗਨਪੁਰ ਪਿੰਡਾਂ ਵਿੱਚੋਂ ਸਫ਼ਰ ਕਰ ਰਹੇ ਹਾਂ ਜੋ ਇੱਕ-ਦੂਜੇ ਦੇ ਲਾਗੇ ਹਨ।

ਅਸੀਂ ਮਾਨਣ ਦੇਕੀ ਦੇ ਗੁਰਦਵਾਰੇ ਜਾ ਰਹੇ ਹਾਂ ਜੋ ਗੁਰੂ ਨਾਨਕ ਦੀ ਯਾਦ ਵਿੱਚ ਬਣਾਇਆ ਗਿਆ ਹੈ। ਸੰਨ ਉੱਨੀ ਸੌ ਸੰਤਾਲੀ ਦੀ ਵੰਡ ਵਿੱਚ ਇਹ ਅਸਥਾਨ ਵੀਰਾਨ ਹੋ ਗਿਆ ਸੀ ਅਤੇ ਇਸ ਦਾ ਬਚਿਆ ਹੋਇਆ ਗੁਰਦਵਾਰੇ ਦਾ ਇੱਕੋ-ਇੱਕ ਕਮਰਾ ਹੁਣ ਕਿਸੇ ਮੁਹਾਜਿਰ ਪਰਿਵਾਰ ਦੀ ਰਿਹਾਇਸ਼ ਬਣਿਆ ਹੋਇਆ ਹੈ। ਸੀਨਾ-ਬ-ਸੀਨਾ ਚਲੇ ਆਏ ਬਿਰਤਾਂਤ ਮੁਤਾਬਕ ਗੁਰੂ ਨਾਨਕ ਦੇ ਆਉਣ ਸਮੇਂ ਇਸ ਪਿੰਡ ਦੇ ਵਾਸੀ ਹਲੀਮ ਅਤੇ ਇਖਲਾਕੀ ਸਨ। ਮੰਨਿਆ ਜਾਂਦਾ ਹੈ ਕਿ ਇੱਥੋਂ ਜਾਣ ਵੇਲੇ ਗੁਰੂ ਨੇ ਪਿੰਡ ਵਾਸੀਆਂ ਨੂੰ ਕਿਹਾ, 'ਉਜੜ ਜਾਓ।'

ਲਾਗੇ ਦੇ ਪਿੰਡ ਕੰਗਨਪੁਰ ਵਿੱਚ ਅਸੀਂ ਉਸ ਅਸਥਾਨ ਉੱਤੇ ਜਾ ਰਹੇ ਹਾਂ ਜਿੱਥੇ ਮਲ ਜੀ ਸਾਹਿਬ ਗੁਰਦਵਾਰਾ ਹੁੰਦਾ ਸੀ ਜੋ ਗੁਰੂ ਨਾਨਕ ਦੀ ਯਾਦ ਵਿੱਚ ਬਣਾਇਆ ਗਿਆ ਸੀ। ਸੰਨ ਉੱਨੀ ਸੌ ਸੰਤਾਲੀ ਦੀ ਵੰਡ ਵਿੱਚ ਇਹ ਗੁਰਦਵਾਰਾ ਵੀਰਾਨ ਹੋ ਗਿਆ ਸੀ ਅਤੇ ਉਸ ਵੇਲੇ ਤੋਂ ਇੱਕ ਮੁਹਾਜਿਰ ਪਰਿਵਾਰ ਦਾ ਟਿਕਾਣਾ ਬਣਿਆ ਹੋਇਆ ਹੈ। ਸੀਨਾ-ਬ-ਸੀਨਾ ਚਲੇ ਆਏ ਬਿਰਤਾਂਤ ਮੁਤਾਬਕ ਗੁਰੂ ਨਾਨਕ ਦੇ ਆਉਣ ਸਮੇਂ ਇਸ ਪਿੰਡ ਦੇ ਵਾਸੀ ਰੁੱਖੇ ਅਤੇ ਗ਼ੈਰ-ਇਖਲਾਕੀ ਸਨ। ਮੰਨਿਆ ਜਾਂਦਾ ਹੈ ਕਿ ਇੱਥੋਂ ਜਾਣ ਵੇਲੇ ਗੁਰੂ ਨੇ ਪਿੰਡ ਵਾਸੀਆਂ ਨੂੰ ਕਿਹਾ, 'ਵਸਦੇ ਰਹੋ।'

ਸਮਾਜਿਕ ਪੱਧਰ ਉੱਤੇ ਦੇਖਾ-ਦੇਖੀ ਵਾਲਾ ਵਿਹਾਰ ਇੱਕ ਜੀਅ ਦੇ ਕਰਮਾਂ ਜਾਂ ਜਜ਼ਬਾਤ ਦੀ ਲਾਗ ਸੁੱਤੇ-ਸਿੱਧ ਬਾਕੀਆਂ ਨੂੰ ਲਗਾਉਂਦਾ ਹੈ। ਗੁਰੂ ਨਾਨਕ ਨੇ ਗੁਣੀ ਪਿੰਡ-ਵਾਸੀਆਂ ਦੀ ਕਦਰ ਕੀਤੀ ਅਤੇ ਇੱਛਾ ਜ਼ਾਹਿਰ ਕੀਤੀ ਕਿ ਇਨ੍ਹਾਂ ਦੀ ਨੇਕੀ ਬਾਕੀਆਂ ਵਿੱਚ ਵਰਤਣੀ ਚਾਹੀਦੀ ਹੈ। ਇਸ ਲਈ ਉਨ੍ਹਾਂ ਨੂੰ ਉਜੜ ਜਾਣਾ ਚਾਹੀਦਾ ਹੈ ਅਤੇ ਨਾਲ ਹੀ ਉਹ ਇਹ ਵੀ ਚਾਹੁੰਦੇ ਸਨ ਕਿ ਹਉਮੈ ਨਾਲ ਭਰੇ ਪਿੰਡ ਵਾਸੀਆਂ ਨੂੰ ਘੇਰਾਬੰਦ ਰਹਿਣਾ ਚਾਹੀਦਾ ਹੈ ਤਾਂ ਜੋ ਉਨ੍ਹਾਂ ਦੇ ਢਾਹੂ ਮਿਜਾਜ਼ ਦੀ ਦੂਜਿਆਂ ਨੂੰ ਲਾਗ ਨਾ ਲੱਗੇ।

**ਅਮਰਦੀਪ ਸਿੰਘ:** ਮਨੁੱਖੀ ਰਾਬਤੇ ਵਿੱਚ ਗੁਣੀ ਵਿਹਾਰ ਮਨੁੱਖ ਦੇ ਰੂਹਾਨੀ ਵਿਕਾਸ ਵਿੱਚ ਅਹਿਮ ਭੂਮਿਕਾ ਅਦਾ ਕਰਦਾ ਹੈ। ਇਸੇ ਤੱਥ ਦੀ ਤਸਦੀਕ ਗੁਰੂ ਨਾਨਕ ਨੇ ਕੰਗਨਪੁਰ ਅਤੇ ਮਾਨਕ ਦੇਕੀ ਦੇ ਸੁਨੇਹੇ ਵਿੱਚ ਕੀਤੀ।

ਸੰਸਕ੍ਰਿਤ ਦੇ ਸ਼ਬਦ 'ਸਰਮ' ਦਾ ਮਾਅਨਾ 'ਸਾਦਗੀ' ਹੈ ਜਿਸ ਦਾ ਇੱਕ ਅਰਥ 'ਮਸਕੀਨੀ' ਵੀ ਹੈ। ਗੁਰੂ ਨਾਨਕ ਫ਼ਰਮਾਉਂਦੇ ਹਨ ਕਿ 'ਸਰਮ ਖੰਡ' ਦਾ ਵਿਸਤਾਰ ਸਿਰਜਣਾ ਦੇ ਸਭ ਰੂਪਾਂ ਨੂੰ ਆਪਣੇ ਕਲਾਵੇ ਵਿੱਚ ਲੈਂਦਾ ਹੈ ਜੋ ਮਸਕੀਨੀ ਦਾ ਸ਼ਿਖ਼ਰ ਹੈ। ਇਹ ਨਾਲ ਮੈਨੂੰ ਕੋਇਲ ਯਾਦ ਆਉਂਦੀ ਹੈ ਜੋ ਨਿਮਾਣੀ ਹੋਣ ਕਾਰਨ ਲੁਕੀ ਰਹਿੰਦੀ ਹੈ ਪਰ ਬੇਗਰਜ਼ੀ ਨਾਲ ਸੁਰੀਲੀਆਂ ਸੱਦਾਂ ਮਾਰਦੀ ਹੋਈ ਖ਼ੁਸ਼ੀ ਵਰਤਾਉਂਦੀ ਹੈ।

ਸਰਮ ਖੰਡ ਕੀ ਬਾਣੀ ਰੂਪੁ॥
(ਜਪੁ, ਗੁਰੂ ਨਾਨਕ)

'ਸਰਮ ਖੰਡ' ਦੇ ਵਿਸਤਾਰ ਵਿੱਚ ਸਿਰਜਣਾ ਦਾ ਹਰ ਰੂਪ ਖ਼ੂਬਸੂਰਤ ਹੈ।
(ਜਪੁ, ਗੁਰੂ ਨਾਨਕ)

ਗੁਰੂ ਨਾਨਕ ਉੱਤਰ ਵਾਲੇ ਪਾਸੇ ਨੂੰ ਸਫ਼ਰ ਜਾਰੀ ਰੱਖਿਆ ਅਤੇ ਕਸੂਰ ਵਿੱਚੋਂ ਲੰਘੇ।

ਗੁਰੂ ਨਾਨਕ ਦੇ ਪਦਚਿੰਨ੍ਹਾਂ ਉੱਤੇ ਕਸੂਰ ਜਾ ਰਹੇ ਹਾਂ ਜੋ ਇੰਡੀਆ-ਪਾਕਿਸਤਾਨ ਦੀ ਸਰਹੱਦ ਦੇ ਲਾਗੇ ਵੱਸਿਆ ਸ਼ਹਿਰ ਹੈ।

ਪੁਰਾਤਨ ਇਤਿਹਾਸ ਵਿੱਚ ਜ਼ਿਕਰ ਆਉਂਦਾ ਹੈ ਕਿ ਮਹਾਂਕਾਵਿ 'ਰਾਮਾਇਣ' ਵਾਲੇ ਰਾਜਾ ਰਾਮ ਅਤੇ ਉਨ੍ਹਾਂ ਦੀ ਪਤਨੀ ਸੀਤਾ ਦੇ ਸ਼ਹਿਜ਼ਾਦੇ ਕੁਸ਼ ਨੇ ਕਸੂਰ ਦੀ ਨੀਂਹ ਰੱਖੀ ਸੀ। ਇਹ ਸ਼ਹਿਰ ਸਤਾਰਵੀਂ ਸਦੀ ਦੇ ਨਾਮੀ ਸੂਫ਼ੀ ਸੰਤ ਬੁੱਲੇ ਸ਼ਾਹ ਦੀ ਆਰਾਮਗਾਹ ਵਜੋਂ ਵੀ ਮਸ਼ਹੂਰ ਹੈ।

ਕਸੂਰ ਜ਼ਿਲ੍ਹੇ ਵਿੱਚ ਕਈ ਗੁਰਦਵਾਰੇ ਸਨ ਜੋ ਉੱਨੀ ਸੌ ਸੰਤਾਲੀ ਦੀ ਵੰਡ ਤੋਂ ਬਾਅਦ ਵਿਸਾਰ ਦਿੱਤੇ ਗਏ ਹਨ। ਅਸੀਂ ਕਾਲੂ ਖਾੜਾ ਜਾ ਰਹੇ ਹਾਂ ਜਿੱਥੇ ਹਰ ਤਰ੍ਹਾਂ ਦੀ ਇਬਾਦਤ ਅਤੇ ਅਕੀਦਾ ਦਾ ਸਾਂਝਾ ਅਸਥਾਨ ਹੈ, ਜਿਸ ਨੂੰ ਗੁਰਦਵਾਰਾ ਰਾਮ ਥਮਨ ਕਹਿੰਦੇ ਹਨ। ਇਹ ਗੁਰੂ ਨਾਨਕ ਦੀ ਮਾਸੀ ਦੇ ਪੁੱਤਰ ਰਾਮ ਥਮਨ ਦੀ ਯਾਦ ਵਿੱਚ ਬਣਾਇਆ ਗਿਆ ਸੀ।

**ਅਮਰਦੀਪ ਸਿੰਘ:** ਕਸੂਰ ਜ਼ਿਲ੍ਹੇ ਵਿੱਚ ਗੁਰੂ ਨਾਨਕ ਦੇ ਇਸ ਇਲਾਕੇ ਵਿੱਚ ਆਉਣ ਦੀ ਯਾਦ ਵਿੱਚ ਬਹੁਤ ਸਾਰੇ ਗੁਰਦਵਾਰੇ ਬਣਾਏ ਗਏ ਸਨ। ਹੁਣ ਗੁਰੂ ਨਾਨਕ ਦੀ ਯਾਦ ਵਿੱਚ ਰਾਮ ਥਮਨ ਪਿੰਡ ਦਾ ਇਹ ਅਸਥਾਨ ਹੀ ਬਚਿਆ ਹੈ।

ਇਹ ਅਸਥਾਨ ਬਾਹਰਲੇ ਪਾਸੇ ਤੋਂ ਮੰਦਿਰ ਜਾਪਦਾ ਹੈ ਪਰ ਇਸ ਇਮਾਰਤ ਦੀਆਂ ਅੰਦਰਲੀਆਂ ਕੰਧਾਂ ਦੀਆਂ ਇਬਾਰਤਾਂ ਇਸ਼ਾਰਾ ਕਰਦੀਆਂ ਹਨ ਕਿ ਇਸ ਅਸਥਾਨ ਦੀ ਮਾਨਤਾ ਗੁਰਦਵਾਰੇ ਵਜੋਂ ਸੀ। ਇਸ ਤੋਂ ਅੰਦਾਜ਼ਾ

ਹੁੰਦਾ ਹੈ ਕਿ ਇਹ 'ਨਾਨਕ ਪੰਥੀਆਂ' ਦੀ ਸੰਗਤ ਦਾ ਮਰਕਜ਼ ਸੀ। ਇੱਥੇ ਗੁਰੂ ਨਾਨਕ ਦੇ ਹਿੰਦੂ ਅਤੇ ਸਿੱਖ ਪੈਰੋਕਾਰ ਆਉਂਦੇ ਸਨ।

**ਅਮਰਦੀਪ ਸਿੰਘ:**

ੴ ਸਤਿਗੁਰ ਪ੍ਰਸਾਦਿ॥ ਗੁਰਦਵਾਰਾ ਬਾਬਾ ਰਾਮ ਥਮਨ, ਸੰਮਤ ੪੪੪ ਨਾਨਕਸ਼ਾਹੀ
ਕਰਤਾ ਹਾਜ਼ਰਾ-ਹਜ਼ੂਰ ਹੈ ਜੋ ਰਹਿਬਰ ਦੀ ਰਹਿਮਤ ਨਾਲ ਨਾਜ਼ਲ ਹੁੰਦਾ ਹੈ। ਗੁਰਦਵਾਰਾ ਬਾਬਾ ਰਾਮ ਥਮਨ, ਸੰਮਤ ੪੪੪ ਨਾਨਕਸ਼ਾਹੀ।

ਰਾਮ ਥਮਨ ਵਿੱਚ ਇਸ ਸਰਬ-ਸਾਂਝੀ ਇਬਾਦਤ ਵਾਲੇ ਅਸਥਾਨ ਦੀ ਡਿਉਢੀ ਨਾਨਕਸ਼ਾਹੀ ਸੰਮਤ ਚਾਰ ਸੌ ਚਤਾਲੀ ਵਿੱਚ ਬਣਾਈ ਗਈ ਸੀ। ਮੌਜੂਦਾ ਦੌਰ ਵਿੱਚ ਪਿੰਡ ਦੀ ਮੁਸਲਮਾਨ ਬਰਾਦਰੀ ਨੇ ਇਸ ਅਸਥਾਨ ਉੱਤੇ ਗੁਰੂ ਨਾਨਕ ਅਤੇ ਰਾਮ ਥਾਮਨ ਦੀ ਯਾਦ ਵਿੱਚ ਸਲਾਨਾ ਵਿਸਾਖੀ ਮੇਲਾ ਲਗਾਉਣ ਦਾ ਦਸਤੂਰ ਕਾਇਮ ਰੱਖਿਆ ਹੈ।

ਸੰਸਕ੍ਰਿਤ ਦੇ ਸ਼ਬਦ 'ਕਰਮ' ਦਾ ਮਾਅਨਾ 'ਅਮਲ' ਜਾਂ 'ਲੇਖ' ਹਨ। 'ਬਾਣੀ' ਦਾ ਮਾਅਨਾ 'ਨੇਕ ਇਰਾਦਾ' ਬਣਦਾ ਹੈ। ਗੁਰੂ ਨਾਨਕ ਫ਼ਰਮਾਉਂਦੇ ਹਨ ਕਿ 'ਕਰਮ ਖੰਡ' ਦੇ ਵਿਸਤਾਰ ਵਿੱਚ ਰੂਹਾਨੀ ਇਰਾਦੇ ਤਹਿਤ ਕੀਤੇ ਅਮਲ ਹੀ ਸਭ ਤੋਂ ਤਾਕਤਵਰ ਹਨ।

ਕਰਮ ਖੰਡ ਕੀ ਬਾਣੀ ਜੋਰੁ॥
(ਜਪੁ, ਗੁਰੂ ਨਾਨਕ)

'ਕਰਮ ਖੰਡ' ਦੇ ਵਿਸਤਾਰ ਵਿੱਚ ਨੇਕ ਇਰਾਦੇ ਦਾ ਜ਼ੋਰ ਹੈ।
(ਜਪੁ, ਗੁਰੂ ਨਾਨਕ)

ਗੁਰੂ ਨਾਨਕ ਨੇ ਕਸੂਰ ਤੋਂ ਮਾਂਘਾ ਦਾ ਸਫ਼ਰ ਕੀਤਾ।

ਗੁਰੂ ਨਾਨਕ ਦੇ ਪਦਚਿੰਨ੍ਹਾਂ ਉੱਤੇ ਅਸੀਂ ਕਸੂਰ ਤੋਂ ਮਾਂਘਾ ਵਿੱਚ ਛੋਟਾ ਨਨਕਿਆਣਾ ਦੇ ਗੁਰਦਵਾਰੇ ਦੇ ਖੰਡਰ ਦੇਖਣ ਜਾ ਰਹੇ ਹਾਂ। ਇਹ ਗੁਰਦਵਾਰਾ ਗੁਰੂ ਨਾਨਕ ਦੇ ਇੱਥੇ ਆਉਣ ਦੀ ਯਾਦ ਵਿੱਚ ਬਣਿਆ ਸੀ। ਉੱਨੀ ਸੌ ਸੰਤਾਲੀ ਦੀ ਵੰਡ ਦੌਰਾਨ ਇਹ ਗੁਰਦਵਾਰਾ ਵੀਰਾਨ ਹੋ ਗਿਆ ਸੀ। ਬਾਅਦ ਵਿੱਚ ਇਸ ਜ਼ਮੀਨ ਦਾ ਕੁਝ ਹਿੱਸਾ ਲਾਗੇ ਵਾਲੇ ਅਲੀਗੜ੍ਹ ਪਬਲਿਕ ਸਕੂਲ ਦੀ ਇਮਾਰਤ ਬਣਾਉਣ ਲਈ ਵਰਤ ਲਿਆ ਗਿਆ ਸੀ। ਗੁਰਦਵਾਰੇ ਦਾ ਸਰੋਵਰ ਹੁਣ ਮੱਛੀ ਪਾਲਣ ਦਾ ਮਹਿਕਮਾ ਮੱਛੀ ਪਾਲਣ ਲਈ ਇਸਤੇਮਾਲ ਕਰਦਾ ਹੈ।
ਸੰਸਕ੍ਰਿਤ ਦੇ ਸ਼ਬਦ 'ਸੱਚ' ਦਾ ਮਾਅਨਾ 'ਸੱਤਿਆ' ਹੈ। ਇਸ ਦਾ ਮਤਲਬ ਤੱਥਾਂ ਅਤੇ ਹਕੀਕਤ ਨਾਲ ਇੱਕਸੁਰ ਹੋਣਾ ਹੈ। ਗੁਰੂ ਨਾਨਕ ਫ਼ਰਮਾਉਂਦੇ ਹਨ ਕਿ 'ਸੱਚ ਖੰਡ' ਦੇ ਵਿਸਤਾਰ ਵਿੱਚ ਮਨੁੱਖ ਨੂੰ ਅੰਤਿਮ ਸੱਚ ਦਾ ਅਹਿਸਾਸ ਹੁੰਦਾ ਹੈ-ਕਿ ਨਿਰੰਕਾਰ ਦਾ ਵਾਸਾ ਸਿਰਜਣਾ ਦੇ ਕਣ-ਕਣ ਵਿੱਚ ਹੈ। ਇਸ ਵਿਸਤਾਰ ਵਿੱਚ ਪਹੁੰਚ ਕੇ ਹੀ ਮਨੁੱਖ ਮੁਕਤੀ ਦੇ ਪੜਾਅ ਉੱਤੇ ਪਹੁੰਚਦਾ ਹੈ।

ਸਚ ਖੰਡਿ ਵਸੈ ਨਿਰੰਕਾਰੁ॥
(ਜਪੁ, ਗੁਰੂ ਨਾਨਕ)

'ਸੱਚ ਖੰਡ' ਦੇ ਵਿਸਤਾਰ ਵਿੱਚ ਨਿਰੰਕਾਰ ਕਾਇਨਾਤੀ ਊਰਜਾ ਦਾ ਵਾਸਾ ਹੈ।
(ਜਪੁ, ਗੁਰੂ ਨਾਨਕ)

ਗੁਰੂ ਨਾਨਕ ਨੇ ਮਾਂਘਾ ਤੋਂ ਲਾਹੌਰ ਦਾ ਸਫ਼ਰ ਕੀਤਾ। ਪਹਿਲਾਂ ਦੂਜੀ ਉਦਾਸੀ ਦੌਰਾਨ ਵੀ ਗੁਰੂ ਨਾਨਕ ਲਾਹੌਰ ਆਏ ਸਨ।

ਅਸੀਂ ਗੁਰੂ ਨਾਨਕ ਦੇ ਪਦਚਿੰਨ੍ਹਾਂ ਉੱਤੇ ਮਾਂਘਾ ਤੋਂ ਲਾਹੌਰ ਜਾ ਰਹੇ ਹਾਂ।

'ਮਹਿਰਬਾਨ ਜਨਮਸਾਖੀ' ਵਿੱਚ ਦਰਜ ਹੈ ਕਿ ਲਾਹੌਰ ਵਿੱਚ ਗੁਰੂ ਨਾਨਕ, ਸਈਅਦ ਅਬਦੁਲ ਕਾਦਿਰ ਗ਼ਿਲਾਨੀ ਨੂੰ ਮਿਲਣ ਆਏ ਸਨ ਜਿਨ੍ਹਾਂ ਬਾਰੇ ਉਨ੍ਹਾਂ ਨੇ ਸ਼ੇਰ ਗੜ ਵਿੱਚ ਉਨ੍ਹਾਂ ਦੇ ਸ਼ਰਧਾਲੂ ਦਾਉਦ ਕਿਰਮਾਨੀ ਤੋਂ ਸੁਣਿਆ ਸੀ।

**ਅਮਰਦੀਪ ਸਿੰਘ:** ਅਸੀਂ ਉਸ ਅਸਥਾਨ ਉੱਤੇ ਹਾਂ ਜਿੱਥੇ ਸਈਅਦ ਅਬਦੁਲ ਕਾਦਿਰ ਗ਼ਿਲਾਨੀ ਦਫ਼ਨ ਹਨ। ਉਨ੍ਹਾਂ ਨੂੰ ਗੁਰੂ ਨਾਨਕ ਲਾਹੌਰ ਵਿੱਚ ਰਾਵੀ ਨਦੀ ਦੇ ਕੰਢੇ ਮਿਲੇ ਅਤੇ ਦੋਵਾਂ ਨੇ ਰੂਹਾਨੀ ਗੋਸ਼ਟਿ ਕੀਤਾ।

ਲਾਹੌਰ ਵਾਲੇ ਸਈਅਦ ਅਬਦੁਲ ਕਾਦਿਰ ਗ਼ਿਲਾਨੀ, ਸਈਅਦ ਜਮਾਲ-ਉਦ-ਦੀਨ ਗ਼ਿਲਾਨੀ ਦੇ ਸਪੁੱਤਰ ਸਨ ਜੋ ਪੰਦਰਵੀਂ ਸਦੀ ਵਿੱਚ ਬਗ਼ਦਾਦ ਤੋਂ ਲਾਹੌਰ ਆ ਵਸੇ ਸਨ। ਉਹ ਕਾਦਰੀ ਸੂਫ਼ੀ ਸਿਲਸਿਲੇ ਨਾਲ ਸੰਬੰਧ ਰੱਖਦੇ ਸਨ ਜਿਸ ਦੀ ਸ਼ੁਰੂਆਤ ਬਾਰਵੀਂ ਸਦੀ ਦੇ ਸੰਤ, ਪੀਰ ਮੋਹੀਉਦੀਨ ਅਬਦੁਲ ਕਾਦਿਰ ਗ਼ਿਲਾਨੀ ਨੇ ਬਗ਼ਦਾਦ ਵਿੱਚ ਕੀਤੀ ਸੀ। ਗੁਰੂ ਨਾਨਕ ਆਪਣੀ ਤੀਜੀ ਉਦਾਸੀ ਦੌਰਾਨ ਬਗ਼ਦਾਦ ਵਿੱਚ ਪੀਰ ਮੋਹੀਉਦੀਨ ਅਬਦੁਲ ਕਾਦਿਰ ਗ਼ਿਲਾਨੀ ਦੀ ਦਰਗਾਹ ਉੱਤੇ ਗਏ ਸਨ।

**ਜ਼ਾਹਿਦ ਬਾਸ਼ਿਰ ਹਾਸ਼ਮੀ:** ਹਜ਼ੂਰ ਬਾਬਾ ਜੀ ਸਰਕਾਰ ਦਾ ਤਾਅਲੁਕ ਬਗਦਾਦ ਸ਼ਰੀਫ ਵਾਲੇ ਅਬਦੁਲ ਕਾਦਿਰ ਗ਼ਿਲਾਨੀ ਨਾਲ ਸੀ। ਆਪ ਉਨ੍ਹਾਂ ਦੀ ਔਲਾਦਿ-ਪਾਕ ਵਿੱਚੋਂ ਹਨ। ਆਪ ਦੀ ਕਰਾਮਾਤ, ਰੂਹਾਨੀਅਤ ਦੇ ਹਵਾਲੇ ਨਾਲ ਆਪ ਦਾ ਨਾਮ ਵੀ ਅਬਦੁਲ ਕਾਦਿਰ ਸਾਨੀ ਰੱਖ ਦਿੱਤਾ, ਦੂਜਾ ਅਬਦੁਲ ਕਾਦਿਰ। ਬਾਬਾ ਜੀ ਗੁਰੂ ਨਾਨਕ ਸਾਹਿਬ ਦੇ ਨਾਲ ਇਨ੍ਹਾਂ ਦੀ ਮੁਲਾਕਾਤ ਰਾਵੀ ਦੇ ਕਿਨਾਰੇ ਉੱਤੇ ਹੋਈ ਸੀ। ਫ਼ਕੀਰਾਂ ਦਾ ਮਜ਼ਹਬ ਇਨਸਾਨੀਅਤ ਹੁੰਦਾ ਹੈ। ਇਸ ਵਿੱਚ ਇਨ੍ਹਾਂ ਨੂੰ ਕਿਸੇ ਮਜ਼ਹਬ, ਮਸਲਗ, ਰੰਗ, ਨਸਲ ਦੇ ਨਾਲ ਕੋਈ ਤਾਅਲੁਕ ਨਹੀਂ ਹੁੰਦਾ।

ਗੁਰੂ ਨਾਨਕ ਨੇ ਸਈਅਦ ਅਬਦੁਲ ਕਾਦਿਰ ਗ਼ਿਲਾਨੀ ਨਾਲ ਗੋਸ਼ਟਿ ਦੌਰਾਨ ਬਿਆਨ ਕੀਤਾ ਕਿ ਜੀਵਨ ਦੇ ਸਾਰੇ ਸੁੱਖ ਚੱਲਣਹਾਰ ਹਨ ਅਤੇ ਸਿਰਫ਼ ਇਲਾਹੀ ਊਰਜਾ ਵਿੱਚ ਇੱਕ-ਮਿੱਕ ਹੋਣ ਦਾ ਸੁੱਖ ਸਥਾਈ ਹੈ।

ਸਭਿ ਰਸ ਮਿਠੇ ਮੰਨਿਐ ਸੁਣਿਐ ਸਾਲੋਣੇ॥

ਖਟ ਤੁਰਸੀ ਮੁਖਿ ਬੋਲਣਾ ਮਾਰਣ ਨਾਦ ਕੀਏ॥
ਛਤੀਹ ਅੰਮ੍ਰਿਤ ਭਾਉ ਏਕੁ ਜਾ ਕਉ ਨਦਰਿ ਕਰੇਇ॥
(ਸਿਰੀ ਰਾਗ, ਗੁਰੂ ਨਾਨਕ)

ਸਭ ਰਸ ਮਿੱਠੇ ਹਨ। ਸੁਣਨ ਦੀ ਯੋਗਤਾ ਸਲੂਣੇ ਵਾਂਗ ਹੈ।
ਖੱਟ-ਮਿੱਠਾਪਣ ਉਸਾਰੂ ਬੋਲ ਹਨ ਅਤੇ ਚਟਪਟਾਪਣ ਇਲਾਹੀ ਦੀ ਸੋਝੀ ਦੇ ਤੁੱਲ ਹਨ।
ਅੰਮ੍ਰਿਤ ਦੇ ਸ਼ਰਬਤ ਦੇ ਛੱਤੀ ਰਸ ਵਹਿਦਤ ਦੇ ਵੰਨ-ਸਵੰਨੇ ਫ਼ਲਸਫ਼ੇ ਹਨ ਜੋ ਵਿਵੇਕ ਦੀ ਰਹਿਮਤ ਨਾਲ ਵਰੋਸਾਏ ਮਨੁੱਖ ਦੇ ਹਿੱਸੇ ਆਉਂਦੇ ਹਨ।
(ਸਿਰੀ ਰਾਗ, ਗੁਰੂ ਨਾਨਕ)

ਕੁਦਰਤ ਵਿੱਚ ਵੰਨ-ਸਵੰਨੇ ਸੁਆਦ ਭਰੇ ਹੋਏ ਹਨ ਜਿਹੜੇ ਇਨ੍ਹਾਂ ਨੂੰ ਮਾਨਣ ਦੇ ਲੁਤਫ਼ ਉਕਸਾਉਂਦੇ ਹਨ। ਜਿਵੇਂ ਗੰਨੇ ਦੀ ਮਿਠਾਸ ਹੈ, ਲੂਣ ਦਾ ਸਲੂਣਾ ਹੈ, ਨਿੰਬੂ ਦੀ ਖਟਾਸ ਹੈ ਅਤੇ ਮਿਰਚਾਂ ਦਾ ਤਿੱਖਾਪਣ ਹੈ। ਗੁਰੂ ਨਾਨਕ ਫ਼ਰਮਾਉਂਦੇ ਹਨ ਕਿ ਇਸੇ ਤਰ੍ਹਾਂ ਵੰਨ-ਸਵੰਨੇ ਫ਼ਲਸਫ਼ਿਆਂ ਦਾ ਇਰਾਦਾ ਰੂਹਾਨੀ ਸੋਚ ਨੂੰ ਉਕਸਾਉਣਾ ਹੈ ਜਿਸ ਨਾਲ ਵੰਨ-ਸਵੰਨੀ ਸਿਰਜਣਾ ਨੂੰ ਮਾਨਣ ਦੇ ਲੁਤਫ਼ ਵਿੱਚ ਵਾਧਾ ਹੁੰਦਾ ਹੈ।

ਗੁਰੂ ਨਾਨਕ ਨੇ ਲਾਹੌਰ ਤੋਂ ਸਿਆਲਕੋਟ ਦਾ ਸਫ਼ਰ ਕੀਤਾ।

ਅਸੀਂ ਗੁਰੂ ਨਾਨਕ ਦੇ ਪਦਚਿੰਨ੍ਹਾਂ ਉੱਤੇ ਲਾਹੌਰ ਤੋਂ ਸਿਆਲਕੋਟ ਜਾ ਰਹੇ ਹਾਂ।

ਦੂਜੀ ਉਦਾਸੀ ਦੌਰਾਨ ਗੁਰੂ ਨਾਨਕ ਸਿਆਲਕੋਟ ਵਿੱਚ ਮੂਲਾ ਖੱਤਰੀ ਨੂੰ ਮਿਲੇ ਸਨ ਅਤੇ ਉਨ੍ਹਾਂ ਨੇ ਕੁਝ ਸਮਾਂ ਇਕੱਠੇ ਸਫ਼ਰ ਕੀਤਾ ਸੀ। 'ਮਿਹਰਬਾਨ ਜਨਮਸਾਖੀ' ਮੁਤਾਬਕ ਗੁਰੂ ਨਾਨਕ ਦੂਜੀ ਵਾਰ ਸਿਆਲਕੋਟ ਵਿੱਚੋਂ ਲੰਘਦੇ ਹੋਏ ਮੂਲਾ ਖੱਤਰੀ ਦੇ ਘਰ ਗਏ। ਮੂਲਾ ਖੱਤਰੀ ਦੀ ਪਤਨੀ ਨੇ ਗੁਰੂ ਨਾਨਕ ਦਾ ਨਿੱਘਾ ਸੁਆਗਤ ਕੀਤਾ ਪਰ ਉਸ ਨੂੰ ਖ਼ਦਸ਼ਾ ਸੀ ਕਿ ਉਸ ਦਾ ਪਤੀ ਮੁੜ ਕੇ ਸਫ਼ਰ ਉੱਤੇ ਜਾਣ ਦਾ ਫ਼ੈਸਲਾ ਕਰ ਲਵੇਗਾ। ਇਸ ਕਾਰਨ ਉਸ ਨੇ ਕਹਿ ਦਿੱਤਾ ਕਿ ਉਸ ਦਾ ਪਤੀ ਸਿਆਲਕੋਟ ਵਿੱਚ ਨਹੀਂ ਸੀ। ਇਸ ਫਰੇਬ ਬਾਬਤ ਸੁਣ ਕੇ ਮੂਲਾ ਖੱਤਰੀ ਨੇ ਪ੍ਰਾਣ ਤਿਆਗ ਦਿੱਤੇ। ਮੂਲਾ ਖੱਤਰੀ ਦੀ ਮੌਤ ਬਾਰੇ ਸੁਣ ਕੇ ਗੁਰੂ ਨਾਨਕ ਅੰਤਿਮ ਸਸਕਾਰ ਵਿੱਚ ਸ਼ਾਮਿਲ ਹੋਣ ਲਈ ਉਸ ਦੇ ਘਰ ਗਏ। ਸੱਚੀ ਅਤੇ ਸਦਾ ਸਾਥ ਨਿਭਾਉਣ ਵਾਲੀ ਨਿਸ਼ਠਾ ਦਾ ਸੁਨੇਹਾ ਦੇਣ ਲਈ ਗੁਰੂ ਨਾਨਕ ਨੇ ਗਾਇਆ,

ਜਉ ਤਉ ਪ੍ਰੇਮ ਖੇਲਣ ਕਾ ਚਾਉ॥
ਸਿਰੁ ਧਰਿ ਤਲੀ ਗਲੀ ਮੇਰੀ ਆਉ॥
ਇਤੁ ਮਾਰਗਿ ਪੈਰੁ ਧਰੀਜੈ॥
ਸਿਰੁ ਦੀਜੈ ਕਾਣਿ ਨ ਕੀਜੈ॥
(ਸਲੋਕ, ਗੁਰੂ ਨਾਨਕ)

ਜੇ ਪ੍ਰੇਮ ਦੀ ਖੇਡ ਖੇਡਣ ਦੀ ਤਾਂਘ ਹੈ

---

ਤਾਂ ਆਪਣੀ ਹਉਮੈ ਨੂੰ ਤਲੀ ਉੱਤੇ ਰੱਖ ਕੇ ਇਸ ਮਾਰਗ ਉੱਤੇ ਪੈਰ ਧਰੋ।
ਜਦੋਂ ਤੁਸੀਂ ਇਸ ਮਾਰਗ ਉੱਤੇ ਪੈਰ ਧਰੋ
ਤਾਂ ਹਉਮੈ ਦਾ ਤਿਆਗ ਕਰਨ ਤੋਂ ਸੰਕੋਚ ਨਾ ਕਰੋ।
(ਸਲੋਕ, ਗੁਰੂ ਨਾਨਕ)

ਰੁੱਖ ਨਿਰਸੁਆਰਥ ਹੋ ਕੇ ਫਲ ਦਿੰਦਾ ਹੈ; ਇਸੇ ਗੁਣ ਨੂੰ ਪ੍ਰੇਮ ਦਾ ਦਰਜਾ ਹਾਸਿਲ ਹੈ। ਭੰਵਰਾ ਸ਼ਹਿਦ ਦੀ ਭਾਲ ਵਿੱਚ ਫੁੱਲਾਂ ਵੱਲ ਖਿੱਚਿਆ ਜਾਂਦਾ ਹੈ; ਇਸ ਗੁਣ ਨੂੰ ਮੋਹ ਕਰਾਰ ਦਿੱਤਾ ਜਾ ਸਕਦਾ ਹੈ। ਪ੍ਰੇਮ ਤਾਂ ਕਰੁਣਾ ਵਿੱਚੋਂ ਉਪਜਦਾ ਹੈ ਜਦਕਿ ਦੂਜੇ ਪਾਸੇ ਮੋਹ ਦੀ ਉਪਜ ਹਉਮੈ ਵਿੱਚੋਂ ਹੁੰਦੀ ਹੈ। ਗੁਰੂ ਨਾਨਕ ਫ਼ਰਮਾਉਂਦੇ ਹਨ ਕਿ ਜੇ ਕੋਈ ਪ੍ਰੇਮ ਦੀ ਖੇਡ ਖੇਡਣਾ ਚਾਹੁੰਦਾ ਹੈ ਤਾਂ ਹਉਮੈ ਭਰੇ ਮਨ ਨੂੰ ਬਿਨਾਂ ਕਿਸੇ ਸੰਕੋਚ ਤੋਂ ਸਮਰਪਿਤ ਕਰਨਾ ਲਾਜ਼ਮੀ ਹੈ।

ਸਿਆਲਕੋਟ ਤੋਂ ਗੁਰੂ ਨਾਨਕ ਨੇ ਕਰਤਾਰਪੁਰ ਨੂੰ ਚਾਲੇ ਪਾ ਦਿੱਤੇ।

ਅਸੀਂ ਗੁਰੂ ਨਾਨਕ ਦੇ ਪਦਚਿੰਨ੍ਹਾਂ ਉੱਤੇ ਸਿਆਲਕੋਟ ਤੋਂ ਕਰਤਾਰਪੁਰ ਜਾ ਰਹੇ ਹਾਂ।

ਤਕਰੀਬਨ ਦੋ ਸਾਲ ਲੰਮੀ ਉਦਾਸੀ ਉਪਰੰਤ ਗੁਰੂ ਨਾਨਕ ਕਰਤਾਰਪੁਰ ਪਰਤੇ। ਪੰਜਾਬ ਵਿਚਲੇ ਅਤੇ ਇਸ ਦੇ ਲਾਗੇ ਦੇ ਅਸਥਾਨ ਉੱਤੇ ਜਾਣ ਲਈ ਚੌਥੀ ਉਦਾਸੀ ਪੰਦਰ੍ਹਾਂ ਸੌ ਪੱਚੀ ਈਸਵੀ ਵਿੱਚ ਸ਼ੁਰੂ ਹੋਈ ਅਤੇ ਅੰਦਾਜ਼ਨ ਦੋ ਸਾਲ ਦੌਰਾਨ ਪੰਦਰ੍ਹਾਂ ਸੌ ਛੱਬੀ ਈਸਵੀ ਵਿੱਚ ਮੁਕੰਮਲ ਹੋਈ। ਉਸ ਵੇਲੇ ਗੁਰੂ ਨਾਨਕ ਤਕਰੀਬਨ ਸਤਵੰਜਾ ਸਾਲ ਦੇ ਸਨ।

ਇਹ ਅੰਦਾਜ਼ਾ ਹੈ ਕਿ ਪਹਿਲੀ ਉਦਾਸੀ ਸ਼ੁਰੂ ਕਰਨ ਵੇਲੇ ਪੰਦਰ੍ਹਾਂ ਸੌ ਚਾਰ ਈਸਵੀ ਵਿੱਚ ਗੁਰੂ ਨਾਨਕ ਪੈਂਤੀ ਸਾਲਾਂ ਦੇ ਸਨ ਅਤੇ ਪੰਦਰ੍ਹਾਂ ਸੌ ਛੱਬੀ ਵਿੱਚ ਚੌਥੀ ਉਦਾਸੀ ਮੁਕੰਮਲ ਕਰਨ ਵੇਲੇ ਉਹ ਸਤਵੰਜਾ ਸਾਲਾਂ ਦੇ ਸਨ। ਉਨ੍ਹਾਂ ਨੇ ਬਾਈ ਸਾਲਾਂ ਦੌਰਾਨ ਦੂਰ-ਦੂਰ ਤੱਕ ਸਫ਼ਰ ਕੀਤਾ।

ਚੌਥੀ ਉਦਾਸੀ ਉੱਤੇ ਜਾਣ ਤੋਂ ਪਹਿਲਾਂ ਗੁਰੂ ਨਾਨਕ ਨੇ ਭਾਈ ਲਹਿਣਾ ਨੂੰ ਕਰਤਾਰਪੁਰ ਦੀ ਬਰਾਦਰੀ ਦੀ ਸੇਵਾ-ਸੰਭਾਲ ਦੀ ਜ਼ਿੰਮੇਵਾਰੀ ਸੌਂਪੀ ਸੀ। ਕਰਤਾਰਪੁਰ ਪਰਤ ਆਉਣ ਤੋਂ ਬਾਅਦ ਗੁਰੂ ਨਾਨਕ ਨੇ ਡੇਰੇ ਦੀ ਅਗਵਾਈ ਦਾ ਕੰਮ ਜਾਰੀ ਰੱਖਿਆ; ਇਤਫ਼ਾਕ ਵਾਲੀ ਜ਼ਿੰਦਗੀ ਵਸਰ ਕਰੋ, ਨੇਕ ਕਮਾਈ ਕਰੋ ਅਤੇ ਰੂਹਾਨੀ ਅਮਲ ਕਰੋ। 'ਮਿਹਰਬਾਨ ਜਨਮਸਾਖੀ' ਵਿੱਚ ਦਰਜ ਹੈ ਕਿ ਇਸ ਵਸੇਬ ਦੀ ਸੋਭਾ ਫੈਲ ਰਹੀ ਸੀ।
'ਜਨਮਸਾਖੀ' ਸਾਹਿਤ ਵਿੱਚ ਦਰਜ ਹੈ ਕਿ ਸੁਲਤਾਨਪੁਰ ਦੇ ਮੋਦੀਖ਼ਾਨੇ ਵਿੱਚ ਗੁਰੂ ਨਾਨਕ ਦੇ ਨਾਲ ਕੰਮ ਕਰਨ ਵਾਲਾ ਕੋਈ ਬੇਨਾਮ ਸੰਗੀ ਉਨ੍ਹਾਂ ਨੂੰ ਮਿਲਣ ਕਰਤਾਰਪੁਰ ਆਇਆ। ਉਸ ਸੰਗੀ ਨੇ ਗੁਰੂ ਨਾਨਕ ਤੋਂ ਪੁੱਛਿਆ ਕਿ ਉਨ੍ਹਾਂ ਨੇ ਉਦਾਸੀਆਂ ਤੋਂ ਕੀ ਹਾਸਿਲ ਕੀਤਾ ਅਤੇ ਤਜਰਬਾ ਸਾਂਝਾ ਕਰਨ ਦੀ ਅਰਜ਼ ਕੀਤੀ। ਗੁਰੂ ਨਾਨਕ ਨੇ ਜੁਆਬ ਦਿੱਤਾ,

ਹਿਰਦੈ ਨਾਮੁ ਨਾਹੀ ਮਨਿ ਭੰਗੁ॥
ਅਨਦਿਨੁ ਨਾਲਿ ਪਿਆਰੇ ਸੰਗੁ॥੧॥

ਹਰਿ ਜੀਉ ਰਾਖਹੁ ਅਪਨੀ ਸਰਣਾਈ॥
ਗੁਰ ਪਰਸਾਦੀ ਹਰਿ ਰਸੁ ਪਾਇਆ ਨਾਮੁ ਪਦਾਰਥੁ ਨਉ ਨਿਧਿ ਪਾਈ॥
(ਰਾਗ ਆਸਾ, ਗੁਰੂ ਨਾਨਕ)

ਜਦੋਂ ਵਿਵੇਕ ਦਾ ਦਿਲ ਅਤੇ ਦਿਮਾਗ ਤੋਂ ਨਿਖੇੜਾ ਨਾ ਹੋਵੇ ਤਾਂ ਹਰ ਪਲ ਆਰਜ਼ੂਮੰਦ ਦੇ ਅੰਦਰ ਚੈਨ ਦਾ ਵਾਸਾ ਹੁੰਦਾ ਹੈ।
ਹੇ ਪਿਆਰੇ, ਮੈਨੂੰ ਆਪਣੀ ਸ਼ਰਨ ਵਿੱਚ ਰੱਖ ਲਵੋ।
ਵਿਵੇਕਦਾਨੀ ਦੀ ਰਹਿਮਤ ਨਾਲ ਰਸ ਮਿਲਦਾ ਹੈ
ਅਤੇ ਆਤਮ-ਪੜਚੋਲ ਦੇ ਭੰਡਾਰੇ ਹਾਸਿਲ ਹੁੰਦੇ ਹਨ।
(ਰਾਗ ਆਸਾ, ਗੁਰੂ ਨਾਨਕ)

ਗੁਰੂ ਨਾਨਕ ਨੇ ਫ਼ਰਮਾਇਆ ਕਿ ਸੱਚੀਆਂ ਪ੍ਰਾਪਤੀਆਂ ਗ਼ੈਰ-ਪਦਾਰਥੀ 'ਦੌਲਤ' ਵਿੱਚ ਹਾਸਿਲ ਹੁੰਦੀਆਂ ਹਨ ਜੋ ਮਨੁੱਖ ਸਵੈ-ਪੜਚੋਲ ਰਾਹੀਂ ਕਮਾਉਂਦਾ ਹੈ; ਮਨੁੱਖ ਨੂੰ ਅਮਲਾਂ ਰਾਹੀਂ ਵਿਵੇਕ ਅਤੇ ਅੱਗੇ ਮੁਨਾਫ਼ਾ ਮਿਲਦਾ ਹੈ; ਇਲਾਹੀ ਦੀ ਰਹਿਮਤ ਨਾਲ ਸ਼ਰਨ ਮਿਲਦੀ ਹੈ; ਤਜਰਬੇ ਤੋਂ ਸਿੱਖ ਕੇ ਗਿਆਨ-ਭੰਡਾਰਾ ਮਿਲਦਾ ਹੈ।

'ਮਿਹਰਬਾਨ ਜਨਮਸਾਖੀ' ਵਿੱਚ ਜ਼ਿਕਰ ਆਉਂਦਾ ਹੈ ਕਿ ਕੋਈ ਦੂਜਾ ਗੁੰਮਨਾਮ ਦੋਸਤ ਕਰਤਾਰਪੁਰ ਵਿੱਚ ਗੁਰੂ ਨਾਨਕ ਨੂੰ ਮਿਲਣ ਆਇਆ ਅਤੇ ਉੱਥੇ ਦੀ ਤਰਜ਼ਿ-ਜ਼ਿੰਦਗੀ ਦੇਖ ਕੇ ਬਹੁਤ ਪ੍ਰਸੰਨ ਹੋਇਆ। ਕੁਝ ਦਿਨ ਗੁਰੂ ਨਾਨਕ ਨਾਲ ਗੁਜ਼ਾਰਨ ਤੋਂ ਬਾਅਦ ਉਹ ਆਪਣੇ ਘਰ ਪਰਤਿਆ। ਉਸ ਨੇ ਆਪਣੀ ਪਰਿਵਾਰ ਦੇ ਜੀਆਂ ਨੂੰ ਕਰਤਾਰਪੁਰ ਦੀ ਰੀਤ ਮੁਤਾਬਕ 'ਸਤਿ ਕਰਤਾਰ' ਕਹਿ ਫ਼ਤਿਹ ਬੁਲਾਈ ਜਿਸ ਦਾ ਮਾਅਨਾ ਸੀ ਕਿ ਕਰਤਾਰ ਹੀ ਸੱਚਾ ਹੈ। ਕਿਹਾ ਜਾਂਦਾ ਹੈ ਕਿ ਉਸ ਨੇ ਗੁਰੂ ਨਾਨਕ ਦੇ ਆਲਮੀ ਫ਼ਲਸਫ਼ੇ ਦਾ ਸੁਨੇਹਾ ਪਿੰਡ ਵਾਸੀਆਂ ਤੱਕ ਪਹੁੰਚਾਉਂਦੇ ਹੋਏ ਆਖ਼ਰੀ ਸਾਹ ਲਿਆ। ਆਪਣੇ ਦੋਸਤ ਦੇ ਫੌਤ ਹੋਣ ਦੀ ਖ਼ਬਰ ਸੁਣ ਕੇ ਗੁਰੂ ਨਾਨਕ ਨੇ ਗਾਇਆ,

ਨਾਨਕ ਢੇਰੀ ਢਹਿ ਪਈ ਮਿਟੀ ਸੰਦਾ ਕੋਟੁ॥
ਭੀਤਰਿ ਚੋਰੁ ਬਹਾਲਿਆ ਖੋਟੁ ਵੇ ਜੀਆ ਖੋਟੁ॥
(ਰਾਗ ਸਾਰੰਗ, ਗੁਰੂ ਨਾਨਕ)

ਨਾਨਕ ਨੇ ਆਖਿਆ ਕਿ ਦੇਹ ਢਹਿ ਕੇ ਮਿੱਟੀ ਦਾ ਢੇਰ ਹੋ ਜਾਂਦੀ ਹੈ ਜੋ ਮਿੱਟੀ ਦੇ ਕੋਟ ਸਮਾਨ ਹੈ।
ਜੇ ਅੰਦਰ ਚੋਰ ਵਸਦਾ ਹੈ ਤਾਂ ਦੇਹ ਦੀ ਹੋਂਦ ਹੀ ਖੋਟ ਹੈ। ਤਾਂ ਦੇਹ ਦੀ ਹੋਂਦ ਹੀ ਖੋਟ ਹੈ।
(ਰਾਗ ਸਾਰੰਗ, ਗੁਰੂ ਨਾਨਕ)

ਗੁਰੂ ਨਾਨਕ ਨੇ ਫ਼ਰਮਾਇਆ ਕਿ ਦੇਹ ਮਿੱਟੀ ਦੀ ਬਣੀ ਹੈ ਅਤੇ ਮੌਤ ਤੋਂ ਬਾਅਦ ਮਿੱਟੀ ਦਾ ਢੇਰ ਹੋ ਜਾਂਦੀ ਹੈ। ਇਸੇ ਤਰ੍ਹਾਂ ਮਨ ਵਿੱਚ ਵਸੀ ਦਵੈਤ ਵੀ ਦੇਹ ਨਾਲ ਹੀ ਖ਼ਤਮ ਹੋ ਜਾਂਦੀ ਹੈ।ਗੁਰੂ ਨਾਨਕ ਨੇ ਦ੍ਰਿੜਾਇਆ ਕਿ ਦੇਹ ਦੀ ਹੋਂਦ ਅਤੇ ਇਸ ਦੀਆਂ ਦਾ ਲਾਲਸਾਵਾਂ ਆਰਜ਼ੀ ਹਨ।

ਹੋਂਦ ਸੰਵਾਦ ਦੀ ਜਮਾਂਦਰੂ ਵਿਧੀ ਵਿੱਚ ਵਧਦੀ-ਫੁੱਲਦੀ ਹੈ। ਗੁਰੂ ਨਾਨਕ ਕੁਦਰਤ ਦੇ ਇਸ ਨੇਮ ਦਾ ਸਤਿਕਾਰ ਕਰਦੇ ਸਨ। ਆਪਣੀਆਂ ਉਦਾਸੀਆਂ ਦੌਰਾਨ ਸਾਲਾਂ ਬੱਧੀ ਰੂਹਾਨੀ ਆਰਜ਼ੂਮੰਦਾਂ ਨਾਲ ਸੰਵਾਦ ਰਚਾਉਂਦੇ ਹੋਏ ਗੁਰੂ ਨਾਨਕ ਨੇ ਅਕੀਦਾ, 'ਮੂਲ ਮੰਤਰ' ਬਣਾ ਲਿਆ ਜੋ ਉਨ੍ਹਾਂ ਦੇ ਵਿਵੇਕ ਦਾ ਮੂਲ ਬਿਆਨ ਕਰਦਾ ਸੀ। ਇਹ ਅਕੀਦਾ ਹੀ ਗੁਰੂ ਗ੍ਰੰਥ ਸਹਿਬ ਦਾ ਪਹਿਲਾਂ ਸ਼ਬਦ ਹੈ। 'ਮੂਲ' ਦਾ ਮਾਅਨਾ ਬੁਨਿਆਦੀ ਅਤੇ 'ਮੰਤਰ' ਦਾ ਮਾਅਨਾ ਮਨ ਦੀ ਜੁਗਤ ਹੈ। ਆਪਣੇ ਅਦਵੈਤਵਾਦ ਦੇ ਫ਼ਲਸਫ਼ੇ ਦੀ ਤਸਦੀਕ ਕਰਨ ਲਈ ਗੁਰੂ ਨਾਨਕ ਨੇ 'ਮੂਲ ਮੰਤਰ ਦੇ ਸ਼ੁਰੂ ਵਿੱਚ ਹਿੰਦਸੇ ਵਜੋਂ '੧' ਜੋੜ ਦਿੱਤਾ ਕਿ ਜੀਵਨ ਦੇ ਹਰ ਰੂਪ ਵਿੱਚ ਉਸ ਹਾਜ਼ਰਾ-ਹਜ਼ੂਰ ਦੀ ਜੋਤ ਸਮਾਈ ਹੈ।

੧ੴ ਸਤਿ ਨਾਮੁ ਕਰਤਾ ਪੁਰਖੁ ਨਿਰਭਉ ਨਿਰਵੈਰੁ ਅਕਾਲ ਮੂਰਤਿ ਅਜੂਨੀ ਸੈਭੰ ਗੁਰ ਪ੍ਰਸਾਦਿ॥
(ਮੂਲ ਮੰਤਰ, ਗੁਰੂ ਨਾਨਕ)

ਕਰਤਾ ਹਾਜ਼ਰਾ-ਹਜ਼ੂਰ ਹੈ। ਉਹ ਸੱਚ ਹੈ। ਹਰ ਸਾਜਣਾ ਵਿੱਚ ਨਾਜ਼ਰ ਹੈ। ਬੇਖ਼ੌਫ਼ ਹੈ। ਤੇਰ-ਮੇਰ ਤੋਂ ਉੱਤੇ ਹੈ। ਯੁੱਗੋ-ਯੁੱਗ ਅਟੱਲ ਹੈ। ਜਨਮ-ਮਰਨ ਦੇ ਚੱਕਰ ਤੋਂ ਅਗੰਮ ਹੈ। ਉਹ ਆਪੇ ਰੌਸ਼ਨ ਹੈ। ਵਿਵੇਕ ਦੀ ਰਹਿਮਤ ਨਾਲ ਨਾਜ਼ਲ ਹੁੰਦਾ ਹੈ।
(ਮੂਲ ਮੰਤਰ, ਗੁਰੂ ਨਾਨਕ)

ਵਿਵੇਕ ਦੀ ਅੰਮ੍ਰਿਤਧਾਰਾ ਨੂੰ ਅੱਗੇ ਤੋਰਨ ਲਈ ਗੁਰੂ ਨਾਨਕ ਨੇ ਅਗਵਾਈ ਦੀ ਮਸ਼ਾਲ ਭਾਈ ਲਹਿਣਾ ਨੂੰ ਸੰਭਾਲ ਦਿੱਤੀ ਅਤੇ ਉਨ੍ਹਾਂ ਦਾ ਨਾਮ ਅੰਗਦ ਰੱਖ ਦਿੱਤਾ ਜੋ ਸੰਸਕ੍ਰਿਤ ਦਾ ਸ਼ਬਦ ਹੈ ਜਿਸ ਦਾ ਮਾਅਨਾ ਮਨੁੱਖਾ ਦੇਹ ਦਾ ਅੰਗ ਹੈ। ਤਸ਼ਬੀਹੀ ਪੱਖੋਂ ਇਸ ਦਾ ਮਾਅਨਾ ਇਹ ਵੀ ਬਣਦਾ ਹੈ ਕਿ ਦੋਵੇਂ ਇੱਕੋ ਫ਼ਲਸਫ਼ੇ ਦੇ ਅੰਗੀਕਾਰ ਸਨ।

ਬਰਸੈ ਅੰਮ੍ਰਿਤ ਧਾਰ ਬੂੰਦ ਸੁਹਾਵਣੀ॥
ਸਾਜਨ ਮਿਲੇ ਸਹਜਿ ਸੁਭਾਇ ਹਰਿ ਸਿਉ ਪ੍ਰੀਤਿ ਬਣੀ॥
(ਰਾਗ ਤੁਖਾਰੀ, ਗੁਰੂ ਨਾਨਕ)

ਅੰਮ੍ਰਿਤ ਦੀ ਧਾਰ ਵਿੱਚੋਂ ਵਿਵੇਕ ਵਰਸਦਾ ਹੈ। ਇਸ ਦੀਆਂ ਬੂੰਦਾਂ ਸੁਹਾਵਣੀਆਂ ਹਨ। ਰੂਹਾਨੀ ਪੱਖੋਂ ਰੌਸ਼ਨ-ਖ਼ਿਆਲ ਨਾਲ ਮੇਲ ਦੌਰਾਨ ਮਨੁੱਖ ਸਹਿਜ ਮਤੇ ਹੀ ਇਲਾਹੀ ਦੇ ਪਿਆਰ ਵਿੱਚ ਬੱਝਿਆ ਜਾਂਦਾ ਹੈ।
(ਰਾਗ ਤੁਖਾਰੀ, ਗੁਰੂ ਨਾਨਕ)

ਗੁਰੂ ਨਾਨਕ ਨੇ ਇਕੱਠੀਆਂ ਕੀਤੀਆਂ ਪੋਥੀਆਂ ਗੁਰੂ ਅੰਗਦ ਦੇ ਸਪੁਰਦ ਕਰ ਦਿੱਤੀਆਂ ਜੋ ਰੌਸ਼ਨ-ਖ਼ਿਆਲ ਜੀਆਂ ਦੇ ਸ਼ਬਦਾਂ ਦਾ ਭੰਡਾਰ ਸੀ। ਇਸ ਇਸ਼ਾਰੇ ਨਾਲ ਸਾਰੀ ਬਰਾਦਰੀ ਨੂੰ ਅਹਿਸਾਸ ਹੋ ਗਿਆ ਕਿ ਗੁਰੂ ਨਾਨਕ ਦੇ ਦੁਨੀਆਵੀ ਵਿਛੋੜੇ ਦਾ ਸਮਾਂ ਨੇੜੇ ਆ ਗਿਆ ਹੈ।

ਮੌਤ ਜ਼ਿੰਦਗੀ ਦਾ ਅਹਿਮ ਪੜਾਅ ਹੈ। ਇਨ੍ਹਾਂ ਦਾ ਜੋੜ੍ਹ ਅਟੁੱਟ ਹੈ ਜਿਵੇਂ ਸਾਹ ਖਿੱਚਣ ਅਤੇ ਛੱਡਣ ਦੀਆਂ ਕ੍ਰਿਆਵਾਂ ਇੱਕੋ ਸਾਹ ਵਿੱਚ ਵਾਸ ਕਰਦੀਆਂ ਹਨ। ਚੇਤਨਾ ਅਨੰਤ ਹੈ। ਮੌਤ ਸਮੇਤ ਜ਼ਿੰਦਗੀ ਦਾ ਹਰ ਪੱਖ ਇਲਾਹੀ ਦੀ ਬਖਸ਼ਿਸ਼ ਹੈ। ਗੁਰੂ ਨਾਨਕ ਫ਼ਰਮਾਉਂਦੇ ਹਨ ਕਿ ਮੌਤ ਨੂੰ ਭਾਵੇਂ ਬਦਸ਼ਗਨੀ ਮੰਨਿਆ ਜਾਂਦਾ ਹੈ ਪਰ ਜਦੋਂ ਵਿਵੇਕ ਹਾਸਿਲ ਹੁੰਦਾ ਹੈ ਤਾਂ ਮੌਤ ਵੀ ਸ਼ੁੱਭ-ਚਿੰਤਕ ਬਣ ਜਾਂਦੀ ਹੈ।

ਏ ਮਨ ਮਿਰਤ ਸੁਭ ਚਿੰਤੰ ਗੁਰ ਸਬਦਿ ਹਰਿ ਰਮਣੰ॥
ਮਤਿ ਤਤੁ ਗਿਆਨੰ ਕਲਿਆਣ ਨਿਧਾਨੰ ਹਰਿ ਨਾਮ ਮਨਿ ਰਮਣੰ॥
ਚਲ ਚਿਤ ਵਿਤ ਭ੍ਰਮਾ ਭ੍ਰਮੰ ਜਗੁ ਮੋਹ ਮਗਨ ਹਿਤੰ॥
ਥਿਰੁ ਨਾਮੁ ਭਗਤਿ ਦਿੜੰ ਮਤੀ ਗੁਰ ਵਾਕਿ ਸਬਦ ਰਤੰ॥
(ਰਾਗੁ ਗੂਜਰੀ, ਗੁਰੂ ਨਾਨਕ)

ਹੇ ਮਨਾ, ਮੌਤ ਵੀ ਸ਼ੁੱਭ ਚਿੰਤਾ ਹੈ। ਵਿਵੇਕ ਦੇ ਸ਼ਬਦਾਂ ਉੱਤੇ ਸੋਚ-ਵਿਚਾਰ ਕਰੋ।
ਬੁੱਧ ਨਾਲ ਗਿਆਨ ਕਲਿਆਣਕਾਰੀ ਅਤੇ ਨਿਧਾਨੀ ਹੁੰਦਾ ਹੈ। ਆਤਮ ਪੜਚੋਲ ਦਾ ਵਿਚਾਰ ਕਰੋ।
ਚੰਚਲ ਮਨ ਦੁਬਿਧਾ ਵਿੱਚ ਭਟਕਦਾ ਰਹਿੰਦਾ ਹੈ। ਇਹ ਪਦਾਰਥ ਦੀ ਲਾਲਸਾ ਵਿੱਚ ਫਸਿਆ ਰਹਿੰਦਾ ਹੈ।
ਅਡੋਲ ਸੋਚ-ਵਿਚਾਰ ਨਾਲ ਹੀ ਸਥਿਰਤਾ ਹਾਸਿਲ ਹੁੰਦੀ ਹੈ। ਰੂਹਾਨੀ ਵਿਵੇਕ ਅਤੇ ਸੰਵਾਦ ਬੇਸ਼ਕੀਮਤੀ ਹੀਰੇ ਹਨ।
(ਰਾਗ ਗੂਜਰੀ, ਗੁਰੂ ਨਾਨਕ)

'ਜਨਮਸਾਖੀ' ਲਿਖਤਾਂ ਮੁਤਾਬਕ ਗੁਰੂ ਨਾਨਕ ਫਾਨੀ ਸੰਸਾਰ ਵਿੱਚ ਸੱਤਰ ਸਾਲ ਰਹੇ, ਚੌਦਾਂ ਸੌ ਉਨੱਤਰ ਤੋਂ ਪੰਦਰ੍ਹਾਂ ਸੌ ਉਨਤਾਲੀ ਤੱਕ।

**ਅਮਰਦੀਪ ਸਿੰਘ:** ਗੁਰੂ ਨਾਨਕ ਨੇ ਆਪਣੀਆਂ ਉਦਾਸੀਆਂ ਦੌਰਾਨ ਵਹਿਦਤ ਦਾ ਜਿਹੜਾ ਸੁਨੇਹਾ ਦਿੱਤਾ, ਉਹ ਕਰਤਾਰਪੁਰ ਦੇ ਇਸ ਅਸਥਾਨ ਵਿੱਚ ਝਲਕਦਾ ਹੈ। ਸੀਨਾ-ਬ-ਸੀਨਾ ਬਿਰਤਾਂਤ ਵਿੱਚ ਦਰਜ ਹੈ ਕਿ ਜਦੋਂ ਗੁਰੂ ਨਾਨਕ ਜੋਤੀ ਜੋਤ ਸਮਾਏ ਤਾਂ ਹਿੰਦੂਆਂ ਅਤੇ ਮੁਸਲਮਾਨਾਂ ਨੇ ਉਨ੍ਹਾਂ ਦੀਆਂ ਅੰਤਿਮ ਰਸਮਾਂ ਆਪਣੇ-ਆਪਣੇ ਮਜ਼ਹਬੀ ਦਸਤੂਰ ਮੁਤਾਬਕ ਕਰਨ ਦਾ ਦਾਅਵਾ ਕੀਤਾ। ਇਸ ਦਾਅਵੇ ਵਿੱਚ ਨਿਹਿਤ ਹੈ ਕਿ ਗੁਰੂ ਨਾਨਕ ਸਭ ਦੇ ਸਾਂਝੇ ਸਨ।

ਗੁਰੂ ਨਾਨਕ ਦੀ ਇਸ ਸਾਂਤਮਈ ਵਸੇਬ ਵਿੱਚ ਗੁਜ਼ਾਰੀ ਜ਼ਿੰਦਗੀ ਦੀ ਯਾਦ ਵਿੱਚ ਕਰਤਾਰਪੁਰ ਗੁਰਦਵਾਰਾ ਬਣਾਇਆ ਗਿਆ ਸੀ। ਇਹ ਅਸਥਾਨ ਗੁਰੂ ਨਾਨਕ ਦੇ ਪੈਰੋਕਾਰਾਂ ਲਈ ਰੂਹਾਨੀ ਟਿਕਾਣਾ ਬਣ ਗਿਆ ਹੈ। ਬਰੇ-ਸਗੀਰ ਦੀ ਉੱਨੀ ਸੌ ਸੰਤਾਲੀ ਦੀ ਰੈਡਕਲਿੱਫ ਲਾਇਨ ਨਾਲ ਕੀਤੀ ਗਈ ਵੰਡ ਨੇ ਬਹੁਤ ਸਾਰੇ ਇਤਿਹਾਸਕ ਅਸਥਾਨ ਦੀ ਕਿਸਮਤ ਦਾ ਫ਼ੈਸਲਾ ਕੀਤਾ। ਕਰਤਾਰਪੁਰ ਉਸ ਵੇਲੇ ਪਾਕਿਸਤਾਨ ਵਿੱਚ ਆ ਗਿਆ। ਮਜ਼ਹਬੀ ਬੁਨਿਆਦ ਉੱਤੇ ਹੋਈ ਹਿਜਰਤ ਕਾਰਨ ਕਰਤਾਰਪੁਰ ਗੁਰਦਵਾਰਾ ਵਿਰਾਨ ਹੋ ਗਿਆ। ਇਸ ਨੂੰ ਉੱਨੀ ਸੌ ਪਚਨਵੇਂ ਵਿੱਚ ਮੁੜ ਸਥਾਪਿਤ ਕੀਤਾ ਗਿਆ।

ਇਸ ਗੁਰਦਵਾਰੇ ਦੀ ਮੁਰੰਮਤ ਕੀਤੀ ਗਈ ਅਤੇ ਦੋ ਹਜ਼ਾਰ ਉੱਨੀ ਵਿੱਚ ਗੁਰੂ ਨਾਨਕ ਦੇ ਪੰਜ ਸੌ ਪੰਜਾਹਵੇਂ ਜਨਮ ਦਿਹਾੜੇ ਮੌਕੇ ਉਤੇ, ਇਸ ਅਸਥਾਨ ਨੂੰ ਮੌਜੂਦਾ ਰੂਪ ਦਿੱਤਾ ਗਿਆ।

ਗੁਰੂ ਨਾਨਕ ਨੇ ਵਹਿਦਤ ਦੀ ਮਿਸਾਲ ਬੁਲੰਦ ਕੀਤੀ ਅਤੇ ਅਨੇਕਤਾ ਵਿੱਚ ਏਕਤਾ ਦਾ ਸੁਨੇਹਾ ਦਿੱਤਾ। ਉਨ੍ਹਾਂ ਦਾ ਰਾਹ ਦੁਨੀਆ ਦੇ ਏਕੇ ਲਈ ਆਸ ਦੀ ਕਿਰਨ ਹੈ।

ਜਹਾਂ ਕੀ ਬੁਝਤੀ ਹੁਈ ਨਿਗਾਹੋਂ ਕੋ, ਜਗਮਗਾਤਾ ਹੈ ਬਾਮਿ-ਨਾਨਕ
ਨਾ ਪਾਕ ਕੋਈ ਨਾ ਕੋਈ ਨਾਪਾਕ, ਕੋਈ ਉੱਚਾ ਨਾ ਕੋਈ ਨੀਚਾ
(ਆਨੰਦ ਨਾਰਾਇਣ ਮੂਲਾ)

ਮਨੁੱਖਤਾ ਦੀ ਬੁਝ ਰਹੀ ਜੋਤ ਨੂੰ ਨਾਨਕ ਦਾ ਵਿਵੇਕ ਜਗਮਗਾਉਂਦਾ ਹੈ।
ਨਾ ਕੋਈ ਪਾਕ ਹੈ ਅਤੇ ਨਾ ਕੋਈ ਨਾਪਾਕ ਹੈ। ਨਾ ਕੋਈ ਉੱਚਾ ਹੈ ਅਤੇ ਨਾ ਕੋਈ ਨੀਵਾਂ ਹੈ।
(ਆਨੰਦ ਨਾਰਾਇਣ ਮੂਲਾ)

ਗੁਰੂ ਨਾਨਕ ਦੇ ਡੂੰਘੇ ਫ਼ਲਸਫ਼ੇ ਦੇ ਮੂਲ ਨੂੰ ਸਮਝਣ ਦੀ ਇਸ ਨਿਮਾਣੇ ਉਪਰਾਲੇ ਤਹਿਤ ਉਨ੍ਹਾਂ ਦੇ ਪਦਚਿੰਨ੍ਹਾਂ ਉੱਤੇ ਕੀਤੇ ਇਸ ਸਫ਼ਰ ਦੌਰਾਨ ਸਾਡੇ ਲਈ ਕਈ ਨਿਰਾਲੀਆਂ ਕੁੰਢੀਆਂ ਖੁੱਲ੍ਹਣ ਦਾ ਸਬੱਬ ਬਣਿਆ। ਗੁਰੂ ਨਾਨਕ ਦੀ 'ਸੈਨਤ' ਨੂੰ ਸਮਝਣ ਦੀ ਇਹ ਤਰਕੀਬ ਸਾਡੇ ਲਈ ਪਹਿਲਾਂ ਦੀ ਸਿਖਆ ਤੋਂ ਅਣਸਿੱਖਿਅਤ ਹੋਣ, ਨਵਾਂ ਸਿੱਖਣ ਅਤੇ ਜ਼ਿੰਦਗੀ ਨੂੰ ਵੱਖ-ਵੱਖ ਪੱਖਾਂ ਤੋਂ ਸੋਚਣ-ਸਮਝਣ ਵਿੱਚ ਸਹਾਈ ਹੋਈ ਹੈ।

ਸਾਡੇ ਲਈ ਸਭ ਤੋਂ ਜ਼ਿਆਦਾ ਬੰਦਖਲਾਸੀ ਦਾ ਤਜਰਬਾ ਇਹ ਅਹਿਸਾਸ ਹੈ ਕਿ ਸਮੁੱਚਾ ਆਲਮ ਇੱਕੋ ਭਰਪੂਰ ਵਰਤਾਰਾ ਹੈ ਅਤੇ ਇਸ ਦੇ ਜਲੌਅ ਦੀ ਥਾਹ ਪਾਉਣ ਦੀ ਕੂੰਜੀ, ਸਚਿਆਰਾ ਜੀਵਨ ਹੈ।

ਤੁਸੀਂ ਆਪਣੀ 'ਸੈਨਤ' ਉੱਤੇ ਵਿਚਾਰ ਕਰੋ।

ਏਕੋ ਧਰਮੁ ਦ੍ਰਿੜੈ ਸਚੁ ਕੋਈ॥
(ਰਾਗੁ ਬਸੰਤ, ਗੁਰੂ ਨਾਨਕ)

ਸੱਚ ਨੇਕੀ ਹੀ ਇੱਕੋ-ਇੱਕ ਧਰਮ ਹੈ ਜੋ ਆਲਮੀ ਨੇਮ ਹੈ।
(ਰਾਗ ਬਸੰਤ, ਗੁਰੂ ਨਾਨਕ)

# ਚਰਚਾ ਲਈ ਕੁਛ ਨੁਕਤੇ

## ਸੈਨਤ, ਗੁਰੂ ਨਾਨਕ ਦੇ ਪੈਂਡਿਆਂ ਦੀ ਰੂਹਾਨੀ ਛਾਪ

### ਐਪੀਸੋਡ ੨੪: ਬਾਮ-ਏ-ਨਾਨਕ (ਨਾਨਕ ਦੀ ਜੋਤ)

ਇਸ ਐਪੀਸੋਡ ਵਿਚਲੇ ਚਰਚਾ ਨਾਲ ਸੰਬੰਧਿਤ ਇਹ ਨੁਕਤੇ ਗੁਰੂ ਨਾਨਕ ਦੀ ਇਤਿਹਾਸਕ ਯਾਤਰਾ ਅਤੇ ਦਾਰਸ਼ਨਿਕ ਵਿਚਾਰਧਾਰਾ ਨਾਲ ਸੰਬੰਧਿਤ ਖੋਜ ਨੂੰ ਸਮਝਣ ਲਈ ਇਕ ਢਾਂਚਾ ਪੇਸ਼ ਕਰਦੇ ਹਨ। ਵੱਖ-ਵੱਖ ਖੇਤਰਾਂ ਵਿਚ ਉਨ੍ਹਾਂ ਦੀਆਂ ਯਾਤਰਾਵਾਂ, ਰੁਹਾਨੀ ਆਗੂਆਂ ਨਾਲ ਉਨ੍ਹਾਂ ਦੇ ਸੰਪਰਕ, ਅਤੇ ਕਰਤਾਰਪੁਰ ਵਿਖੇ ਸੰਗਤ ਦੀ ਸਥਾਪਨਾ ਦੀ ਸਮੀਖਿਆ ਕਰਕੇ ਅਸੀਂ ਸਮਝ ਸਕਦੇ ਹਾਂ ਕਿ ਉਨ੍ਹਾਂ ਦੀਆਂ ਉਦਾਸੀਆਂ ਕਿਵੇਂ ਉਨ੍ਹਾਂ ਦੀ ਰੁਹਾਨੀ ਦ੍ਰਿਸ਼ਟੀ ਦਾ ਪ੍ਰਤੀਬਿੰਬ ਸਨ। ਦਾਰਸ਼ਨਿਕ ਪ੍ਰਸ਼ਨ ਉਨ੍ਹਾਂ ਦੇ ਰੂਹਾਨੀ ਅਨੁਭਵ, ਕਰਮ ਅਤੇ ਧਿਆਨ ਵਿਚਲੇ ਸੰਤੁਲਨ, ਪ੍ਰੇਮ ਅਤੇ ਮੋਹ ਦੇ ਵਿਚਕਾਰਲੇ ਅੰਤਰ, ਅਤੇ ਉਨ੍ਹਾਂ ਦੇ ਅਨੁਭਵ ਅਧਾਰਿਤ ਗਿਆਨ ਦੇ ਤਤਸਾਰ 'ਤੇ ਕੇਂਦਰਤ ਹਨ। ਗੁਰੂ ਨਾਨਕ ਨੇ ਧਾਰਮਿਕ ਹੱਦਾਂ ਤੋਂ ਪਾਰ ਗੂੰਜਣ ਵਾਲੇ ਸਿਧਾਤਾਂ ਜਿਵੇਂ ਧਾਰਮਿਕਤਾ, ਸਚਾਈ ਅਤੇ ਮਨੁੱਖਤਾ ਦੀ ਏਕਤਾ 'ਤੇ ਜ਼ੋਰ ਦਿੱਤਾ।  ਉਨ੍ਹਾਂ ਦੁਆਰਾ ਦਿੱਤੀ ਜਾਗਰੂਕਤਾ ਸਮੁਚੇ ਸੰਸਾਰ ਲਈ ਆਸ਼ਾ ਦੀ ਕਿਰਣ ਬਣੀ ਹੋਈ ਹੈ। ਇਹ ਚਰਚਾ ਤੱਥ ਸਾਨੂੰ ਉਨ੍ਹਾਂ ਦੇ ਕਾਲ ਅਤੀਤ ਗਿਆਨ ਰਾਹੀਂ ਰੂਹਾਨੀ ਸੂਝ, ਮਨੁੱਖੀ ਰਿਸ਼ਤਿਆਂ ਅਤੇ ਆਧੁਨਿਕ ਸਮਾਜ ਵਿਚਲੇ ਅਰਥਭਰਪੂਰ ਜੀਵਨ ਜੀਉਣ ਦੇ ਤਰੀਕਿਆਂ 'ਤੇ ਗੰਭੀਰਤਾ ਨਾਲ ਵਿਚਾਰ ਕਰਨ ਲਈ ਪ੍ਰੇਰਿਤ ਕਰਦੇ ਹਨ। ਇਹ ਇਸ ਤੱਥ ‘ਤੇ ਵੀ ਰੋਸ਼ਨੀ ਪਾਉਂਦੇ ਹਨ ਕਿ ਗੁਰੂ ਨਾਨਕ ਨੇ ਵੰਨ-ਸੁਵੰਨਤਾ ਵਿਚ ਏਕਤਾ ਦੀ ਭਾਵਨਾ ਬਣਾਈ ਰੱਖੀ।

## ਇਤਿਹਾਸਕ ਚਰਚਾ ਨੁਕਤੇ:

੧. ਗੁਰੂ ਨਾਨਕ ਦੁਆਰਾ ਕੀਤੀ ਚੌਥੀ ਯਾਤਰਾ ਦੀ ਕਾਲਕ੍ਰਮ ਅਤੇ ਭੂਗੋਲਿਕ ਹੱਦ ਕੀ ਸੀ?
ਇਸ ਐਪੀਸੋਡ ਵਿਚ ਪੰਜਾਬ ਅਤੇ ਉਸਦੇ ਆਲੇ-ਦੁਆਲੇ ਦੇ ਖੇਤਰ ਵਿਚ ਗੁਰੂ ਨਾਨਕ ਦੁਆਰਾ ਕੀਤੀ ਚੌਥੀ ਯਾਤਰਾ ਦੇ ਮਹੱਤਵ ਨੂੰ ਉਜਾਗਰ ਕੀਤਾ ਗਿਆ ਹੈ, ਜੋ ਸੰਨ ੧੫੨੫ ਵਿਚ ਲਗਭਗ ੫੭ ਸਾਲ ਦੀ ਉਮਰ ਵਿਚ ਸ਼ੁਰੂ ਅਤੇ ੧੫੨੬ ਵਿੱਚ ਸਮਾਪਤ ਹੋਈ, ਜੋ ਲਗਭਗ ਦੋ ਸਾਲ ਵਿਚ ਪੂਰੀ ਹੋਈ। ਇਹ ਯਾਤਰਾ ਉਨ੍ਹਾਂ ਦੀਆਂ ਲੰਮੀਆਂ ਉਦਾਸੀਆਂ ਦਾ ਹਿੱਸਾ ਸੀ, ਜੋ ਲਗਭਗ ੨੨ ਸਾਲ, ਸੰਨ ੧੫੦੪ ਤੋਂ ਸੰਨ ੧੫੨੬ ਤੱਕ ਚਲੀਆਂ। ਇਸ ਚੌਥੀ ਯਾਤਰਾ ਦੌਰਾਨ, ਗੁਰੂ ਨਾਨਕ

ਬੀਕਾਨੇਰ ਤੋਂ ਉਚ, ਮੁਲਤਾਨ, ਝੰਗ, ਦੀਪਾਲਪੁਰ, ਸ਼ੇਰਗੜ, ਮੇਘਾ, ਚੂਨੀਆਂ, ਮਾਨਕ ਡੇਕੀ, ਕੰਙਨਪੁਰ, ਕਸੂਰ, ਮਾਂਘਾ, ਲਾਹੌਰ, ਸਿਆਲਕੋਟ ਰਾਹੀਂ ਕਰਤਾਰਪੁਰ ਵਾਪਸ ਆਏ। ਇਸ ਵਿਸ਼ੇਸ਼ ਭੂਗੋਲਿਕ ਮਾਰਗ ਨੇ ਉਨ੍ਹਾਂ ਦੀ ਆਖਰੀ ਯਾਤਰਾ ਦੌਰਾਨ ਉਨ੍ਹਾਂ ਦੇ ਪੈਗ਼ਾਮ ਅਤੇ ਇਸ ਦੇ ਗੂੜ੍ਹ ਪ੍ਰਭਾਵ ਦੀ ਗੂੰਜ ਉਪਰ ਕੀ ਅਸਰ ਪਾਇਆ ਹੋਵੇਗਾ?

੨. ਗੁਰੂ ਨਾਨਕ ਦੁਆਰਾ ਰੂਹਾਨੀ ਰਹਿਬਰਾਂ ਨਾਲ ਬਣਾਏ ਸੰਬੰਧਾਂ ਨੇ ਉਨ੍ਹਾਂ ਦੇ ਰੂਹਾਨੀ ਵਾਰਤਾਲਾਪ ਨੂੰ ਕਿਵੇਂ ਪ੍ਰਭਾਵਿਤ ਕੀਤਾ, ਅਤੇ ਇਸ ਅਦਾਨ-ਪ੍ਰਦਾਨ ਰਾਹੀਂ ਕਿਹੜੇ ਸਥਾਈ ਨਤੀਜੇ ਸਾਹਮਣੇ ਆਏ?
ਗੁਰੂ ਨਾਨਕ ਨੇ ਆਪਣੀ ਯਾਤਰਾ ਦੌਰਾਨ ਵੱਖ-ਵੱਖ ਸੂਫੀ ਸੰਤਾਂ ਨਾਲ ਅਰਥ ਭਰਪੂਰ ਵਾਰਤਾਲਾਪ ਕੀਤੇ। ਉਦਾਹਰਨ ਵਜੋਂ, ਸ਼ੇਰਗੜ ਵਿਚ ਉਨ੍ਹਾਂ ਨੇ ਦਾਊਦ ਕਿਰਮਾਨੀ ਨਾਲ ਮੁਲਾਕਾਤ ਕੀਤੀ, ਜਿਸ ਨੇ ਉਨ੍ਹਾਂ ਨੂੰ ਲਾਹੌਰ ਵਿਚ ਸਈਅਦ ਅਬਦੁਲ ਕਾਦਿਰ ਗਿਲਾਨੀ ਨਾਲ ਮਿਲਣ ਲਈ ਪ੍ਰੇਰਿਤ ਕੀਤਾ। ਦਾਊਦ ਕਿਰਮਾਨੀ ਦੀ ਦਰਗਾਹ ਦੇ ਸਰਪ੍ਰਸਤ ਨੇ ਉਲਲੇਖ ਕੀਤਾ ਕਿ ਇਹ ਰੂਹਾਨੀ ਆਗੂ ਇਸ ਲਈ ਜੁੜੇ ਸਨ ਕਿਉਂਕਿ ਉਨ੍ਹਾਂ ਦੀ ਦ੍ਰਿਸ਼ਟੀ ਇਕੋ ਜਿਹੀ ਸੀ। ਸਈਅਦ ਖੁਰਸ਼ੀਦ ਦੇ ਅਨੁਸਾਰ, ਗੁਰੂ ਨਾਨਕ ਅਤੇ ਦਾਊਦ ਵਾਲੀ ਕਿਰਮਾਨੀ ਚਾਹੁੰਦੇ ਸਨ ਕਿ ਇਨਸਾਨ ਆਪਸ ਵਿਚ ਪਿਆਰ ਨਾਲ ਰਹਿਣ ਅਤੇ ਇਕ ਦੂਜੇ ਨਾਲ ਆਦਰ ਨਾਲ ਪੇਸ਼ ਆਉਣ। ਰਹੱਸਵਾਦੀਆਂ ਨਾਲ ਹੋਏ ਇਹ ਅੰਤਰ-ਧਰਮ ਸੰਵਾਦ ਕਿਹੜੀਆਂ ਜੁਗਤਾਂ ਰਾਹੀਂ ਗੁਰੂ ਨਾਨਕ ਦੁਆਰਾ ਰੂਹਾਨੀ ਸਹਿਯੋਗ ਪ੍ਰਤੀ ਵਚਨਬੱਧਤਾ ਅਤੇ ਧਾਰਮਿਕ ਸੀਮਾਵਾਂ ਤੋਂ ਪਾਰ ਦੀਆਂ ਵਿਸ਼ਵਵਿਆਪੀ ਸੱਚਾਈਆਂ ਦੀ ਭਾਲ ਨੂੰ ਦਰਸਾਉਂਦੇ ਹਨ?

੩. ਕਰਤਾਰਪੁਰ ਟਕਸਾਲ ਦਾ ਗੁਰੂ ਨਾਨਕ ਦੇ ਜੀਵਨ ਅਤੇ ਵਿਰਾਸਤ ਵਿਚ ਕੀ ਮਹੱਤਵ ਸੀ?
ਕਰਤਾਰਪੁਰ ਗੁਰੂ ਨਾਨਕ ਦੁਆਰਾ ਕੀਤੀ ਚੌਥੀ ਯਾਤਰਾ ਦਾ ਅਗਾਜ਼ ਅਤੇ ਸਿਖਰ ਸੀ। ਇਸ ਯਾਤਰਾ 'ਤੇ ਨਿਕਲਣ ਤੋਂ ਪਹਿਲਾਂ ਉਨ੍ਹਾਂ ਨੇ ਭਾਈ ਲਹਿਣਾ ਨੂੰ ਉੱਥੋਂ ਦੀ ਸੇਵਾ ਸੰਭਾਲ ਸੌਂਪੀ। ਯਾਤਰਾ ਤੋਂ ਵਾਪਸੀ ਉਪਰੰਤ, ਗੁਰੂ ਨਾਨਕ ਨੇ ਭਾਈਚਾਰੇ ਰੂਪ ਵਿਚ ਇਕੱਤਰ ਹੋਈ ਸੰਗਤ ਨੂੰ ਸਦਭਾਵਨਾ ਨਾਲ ਜੀਵਨ ਜੀਉਣ, ਨੈਤਿਕ ਢੰਗ ਨਾਲ ਰੋਜ਼ੀ ਕਮਾਉਣ ਅਤੇ ਰੁਹਾਨੀ ਜੀਵਨ ਪ੍ਰਤੀ ਸੂਝ ਵਿਚ ਗਹਿਰਾ ਉਤਰਣ ਲਈ ਪ੍ਰੇਰਿਤ ਕੀਤਾ। ਮਿਹਰਬਾਨ ਜਨਮਸਾਖੀ ਵਿਚ ਉਲਲੇਖ ਮਿਲਦਾ ਹੈ ਕਿ ਇਹ ਟਕਸਾਲ ਇਨ੍ਹਾਂ ਸਿਧਾਂਤਾਂ ਕਰਕੇ ਪ੍ਰਸਿੱਧ ਹੋਈ। ਸਮੇਂ ਦੇ ਨਾਲ, ਕਰਤਾਰਪੁਰ

ਉਹਨਾਂ ਲਈ ਰੂਹਾਨੀ ਰੋਸ਼ਨੀ ਦਾ ਕੇਂਦਰ ਬਣ ਗਿਆ ਜੋ ਗੁਰੂ ਨਾਨਕ ਦੇ ਦਰਸ਼ਨ ਵੱਲ ਪ੍ਰੇਰਿਤ ਸਨ। ਇਸ ਸੰਗਤੀ ਭਾਈਚਾਰੇ ਦੀ ਸਥਾਪਨਾ ਨੇ ਗੁਰੂ ਨਾਨਕ ਦੀ ਦਾਰਸ਼ਨਿਕ ਸੋਚ ਨੂੰ ਕਿਵੇਂ ਵਿਵਹਾਰਿਕ ਰੂਪ ਦਿੱਤਾ?

੪. ਸੰਨ ੧੯੪੭ ਦੀ ਵੰਡ ਗੁਰੂ ਨਾਨਕ ਦੀ ਯਾਤਰਾ ਨਾਲ ਜੁੜੇ ਇਤਿਹਾਸਕ ਥਾਵਾਂ ਨੂੰ ਕਿਵੇਂ ਪ੍ਰਭਾਵਿਤ ਕਰਦੀ ਹੈ?

ਇਸ ਐਪੀਸੋਡ ਵਿਚ ਦੱਸਿਆ ਗਿਆ ਹੈ ਕਿ ੧੯੪੭ ਦੀ ਵੰਡ ਨੇ ਗੁਰੂ ਨਾਨਕ ਦੀਆਂ ਯਾਤਰਾਵਾਂ ਨਾਲ ਜੁੜੀਆਂ ਕਈ ਇਤਿਹਾਸਕ ਥਾਵਾਂ ਨੂੰ ਪ੍ਰਭਾਵਿਤ ਕੀਤਾ। ਉਦਾਹਰਨ ਵਜੋਂ, ਦੀਪਾਲਪੁਰ ਦਾ ਛੋਟਾ ਨਨਕਾਣਾ ਗੁਰਦੁਆਰਾ ਛੱਡਣਾ ਪਿਆ ਅਤੇ ਹੁਣ ਉਹ ਪਰਵਾਸੀ ਪਰਿਵਾਰਾਂ ਦੀ ਰਹਾਇਸ਼ ਬਣ ਗਿਆ ਹੈ। ਇਸੇ ਤਰ੍ਹਾਂ, ਕੰਙਨਪੁਰ ਦਾ ਪੁਰਾਣਾ ਮਲ ਜੀ ਸਾਹਿਬ ਗੁਰਦੁਆਰਾ ਵੀ ਛੱਡਣਾ ਪਿਆ ਅਤੇ ਹੁਣ ਉਹ ਵੀ ਇਕ ਪਰਵਾਸੀ ਪਰਿਵਾਰ ਦਾ ਘਰ ਬਣਿਆ ਹੋਇਆ ਹੈ। ਕਰਤਾਰਪੁਰ ਪਾਕਿਸਤਾਨ ਦਾ ਹਿੱਸਾ ਬਣ ਗਿਆ ਅਤੇ ੧੯੯੫ ਵਿਚ ਮੁੜ ਸਥਾਪਤ ਹੋਣ ਤੋਂ ਪਹਿਲਾਂ ਇਹ ਵੀ ਪੂਰੀ ਤਰ੍ਹਾਂ ਸੁੰਨਸਾਨ ਸੀ। ਇਹ ਸਥਾਨ ੨੦੧੯ ਵਿਚ ਆਪਣੇ ਮੌਜੂਦਾ ਰੂਪ ਵਿਚ ਵਧੇਰੇ ਵਿਸਥਾਰ ਨਾਲ ਪ੍ਰਫੁੱਲਤ ਹੋਇਆ। ਇਹਨਾਂ ਇਤਿਹਾਸਕ ਸਥਾਨਾਂ ਦੀ ਮੌਜੂਦਾ ਸਥਿਤੀ ਰਾਜਨੀਤਿਕ ਅਤੇ ਧਾਰਮਿਕ ਸੀਮਾਵਾਂ ਤੋਂ ਪਾਰ ਗੁਰੂ ਨਾਨਕ ਦੀ ਵਿਰਾਸਤ ਦੀ ਸੰਭਾਲ ਬਾਰੇ ਕੀ ਦਰਸਾਉਂਦੀ ਹੈ?

੫. ਗੁਰੂ ਨਾਨਕ ਦੁਆਰਾ ਆਪਣਾ ਉਤਰਾਧਿਕਾਰੀ ਚੁਣਨ ਦੀ ਪ੍ਰਕਿਰਿਆ ਕਿਸ ਤਰ੍ਹਾਂ ਦੀ ਸੀ ਅਤੇ ਇਸ ਦਾ ਕੀ ਮਹੱਤਵ ਸੀ?

ਆਪਣੇ ਅੰਤਮ ਸਮੇਂ ਤੋਂ ਪਹਿਲਾਂ, ਗੁਰੂ ਨਾਨਕ ਨੇ ਭਾਈ ਲਹਿਣਾ ਨੂੰ ਆਪਣੇ ਉਦੇਸ਼ ਦੀ ਜ਼ਿੰਮੇਵਾਰੀ ਸੌਂਪੀ ਅਤੇ ਅਤੇ ਉਨ੍ਹਾਂ ਨੂੰ 'ਅੰਗਦ' ਦਾ ਨਾਮ ਦਿੱਤਾ, ਸੰਸਕ੍ਰਿਤ ਵਿਚ ਜਿਸ ਦਾ ਅਰਥ "ਸਰੀਰ ਦਾ ਅੰਗ" ਹੁੰਦਾ ਹੈ। ਇਸ ਨਾਮ ਰਾਹੀਂ ਉਨ੍ਹਾਂ ਨੇ ਪ੍ਰਤੀਕਾਤਮਕ ਤੌਰ ਤੇ ਸਾਂਝੇ ਦਰਸ਼ਨ ਵਿਚ ਗੂੜ੍ਹ ਏਕਤਾ ਦਾ ਪੁਖਤਾ ਸਬੂਤ ਦਿੱਤਾ। ਇਸ ਮਹੱਤਵਪੂਰਨ ਪਰਿਵਰਤਨ ਤੋਂ ਇਲਾਵਾ, ਉਨ੍ਹਾਂ ਨੇ ਗੁਰੂ ਅੰਗਦ ਨੂੰ 'ਪੋਥੀਆਂ' ਵੀ ਸੌਂਪੀਆਂ, ਜੋ ਉਨ੍ਹਾਂ ਦੀ ਰੂਹਾਨੀ ਬਾਣੀ ਅਤੇ ਹੋਰ ਰੂਹਾਨੀ ਰਹਿਬਰਾਂ ਦੇ ਸਬਦਾਂ ਦਾ ਸੰਕਲਨ ਸੀ। ਇਸ ਉਤਰਾਧਿਕਾਰੀ ਪ੍ਰਕਿਰਿਆ ਨੇ ਗੁਰੂ ਨਾਨਕ ਦੀ ਰੂਹਾਨੀ ਵਿਰਾਸਤ ਨੂੰ ਨਿਰੰਤਰ ਅੱਗੇ ਵਧਾਉਣ ਵਿਚ ਅਤੇ ਇਸ ਨੂੰ ਸੰਭਾਲਣ ਵਿਚ ਕੀ ਭੂਮਿਕਾ ਨਿਭਾਈ?

## ਦਾਰਸ਼ਨਿਕ ਚਰਚਾ ਨੁਕਤੇ:

੧. ਗੁਰੂ ਨਾਨਕ ਰੂਹਾਨੀ ਰੂਪਾਂਤਰਣ ਦੇ ਪੰਜ ਖੰਡਾਂ ਦਾ ਵਰਣਨ ਕਿਵੇਂ ਕਰਦੇ ਹਨ?

ਇਸ ਐਪੀਸੋਡ ਵਿਚ ਗੁਰੂ ਨਾਨਕ ਦੁਆਰਾ ਦਿੱਤੀ ਰੂਹਾਨੀ ਵਿਕਾਸ ਦੀ ਧਾਰਨਾ 'ਖੰਡ' ਦੇ ਰੂਪ ਵਿਚ ਪੇਸ਼ ਕੀਤੀ ਗਈ ਹੈ, ਜੋ ਮਨੁੱਖੀ ਮਨ ਨੂੰ ਉਸ ਦੀ ਅੰਦਰੂਨੀ ਗਹਿਰਾਈ ਨਾਲ ਜੋੜਦੇ ਹਨ। ਧਰਮ ਖੰਡ ਵਿਚ ਕਰਤਵ ਵਿਚ ਧਿਆਨ ਕੇਂਦਰਿਤ ਕਰ ਇਹ ਦਰਸਾਇਆ ਗਿਆ ਹੈ ਕਿ ਰੂਹਾਨੀਅਤ ਇਕ ਮੂਲ ਜ਼ਿੰਮੇਵਾਰੀ ਹੈ। ਗਿਆਨ ਖੰਡ ਵਿਚ ਗਿਆਨ ਨੂੰ ਸਾਡੇ ਜੀਵਨ ਦੇ ਪ੍ਰਕਾਸ਼ਮਈ ਸ੍ਰੋਤ ਦੇ ਤੌਰ ਦਿਖਾਇਆ ਗਿਆ ਹੈ, ਜਦਕਿ ਸਰਮ ਖੰਡ ਵਿਚ ਨਿਮਰਤਾ ਦਾ ਵਾਸਾ ਹੁੰਦਾ ਹੈ, ਜੋ ਸ੍ਰਿਸ਼ਟੀ ਦੀ ਖ਼ੂਬਸੂਰਤੀ ਦੀ ਕਦਰ ਕਰਨ ਲਈ ਪ੍ਰੇਰਿਤ ਕਰਦੀ ਹੈ। ਕਰਮ ਖੰਡ ਇਸ ਤੱਥ ਦਾ ਇਜ਼ਹਾਰ ਕਰਦਾ ਹੈ ਕਿ ਸਾਡੀ ਨੀਅਤ ਸਾਡੇ ਤਜਰਬਿਆਂ ਨੂੰ ਕਿਵੇਂ ਨਵਾਂ ਰੂਪ ਦੇ ਸਕਦੀ ਹੈ, ਅਤੇ ਸਚ ਖੰਡ ਸਚਾਈ ਦੀ ਅਵਸਥਾ ਹੈ, ਜਿੱਥੇ ਆਕਾਰ ਰਹਿਤ ਬ੍ਰਹਮੰਡੀ ਸਤਾ ਏਕਤਾ ਅਤੇ ਇਸ ਦੇ ਉਦੇਸ਼ ਦਾ ਗਿਆਨ ਕਰਵਾਉਂਦੀ ਹੈ। ਇਹ ਖੰਡ ਰੂਹਾਨੀ ਵਿਕਾਸ ਲਈ ਕਿਵੇਂ ਇਕ ਨਵੀਨ ਢਾਂਚਾ ਬਣ ਸਕਦੇ ਹਨ, ਜੋ ਗੰਭੀਰ ਸੂਝ, ਅਰਥ ਭਰਪੂਰ ਸੰਬੰਧ ਅਤੇ ਸਾਡੇ ਜਟਿਲ ਸੰਸਾਰ ਵਿਚ ਸਾਨੂੰ ਪੂਰਨਤਾ ਵੱਲ ਲੈ ਜਾ ਸਕਦੇ ਹਨ?

੨. ਗੁਰੂ ਨਾਨਕ ਦੇ ਦਰਸ਼ਨ ਵਿਚ ਬਾਹਰੀ ਕਿਰਿਆ ਅਤੇ ਅੰਦਰੂਨੀ ਧਿਆਨ ਦੇ ਸੰਤੁਲਨ ਦਾ ਕੀ ਮਹੱਤਵ ਹੈ?

ਗੁਰੂ ਨਾਨਕ ‘ਪਰਵ੍ਰਿਤੀ’ (ਬਾਹਰੀ ਕਿਰਿਆ) ਅਤੇ ‘ਨਿਵ੍ਰਿਤੀ’ (ਅੰਦਰੂਨੀ ਧਿਆਨ) ਦੇ ਸੰਤੁਲਨ 'ਤੇ ਜ਼ੋਰ ਦੇਂਦੇ ਹਨ, ਜਿੱਥੇ ਰੂਹਾਨੀਅਤ ਇਕ ਮਾਰਗਦਰਸ਼ਕ ਤਾਕਤ ਵਜੋਂ ਕੰਮ ਕਰਦੀ ਹੈ। ਉਹ ਰੱਸੀ 'ਤੇ ਚਲਣ ਵਾਲੇ ਬਾਜ਼ੀਗਰ ਦੀ ਉਦਾਹਰਨ ਦਿੰਦੇ ਹਨ, ਜੋ ਇਸ ਕਲਾ ਵਿਚ ਨਿਪੁੰਨ ਹੋ ਕੇ ਸੰਤੁਲਨ ਬਣਾਈ ਰੱਖਦੇ ਹਨ। ਇਸ ਸੰਦੇਸ਼ ਦੇ ਤਹਿਤ, ਗੁਰੂ ਨਾਨਕ 'ਧਰਮ' ਨੂੰ ਇੱਕ ਐਸਾ ਵਿਧਾਨ ਦੱਸਦੇ ਹਨ ਜੋ ਦੋਹਾਂ ਮਨੁੱਖੀ ਗਤੀਵਿਧੀਆਂ ਵਿਚ ਸੰਤੁਲਨ ਬਣਾਉਣ ਲਈ ਮਾਰਗ ਦਰਸ਼ਨ ਕਰਦਾ ਹੈ। ਕਿਰਿਆ ਅਤੇ ਧਿਆਨ ਦੇ ਸੰਤੁਲਨ ਦੀ ਇਹ ਸਮਝ ਆਧੁਨਿਕ ਜੀਵਨ ਦੀਆਂ ਜਟਿਲਤਾਵਾਂ ਨੂੰ ਸੰਭਾਲਣ ਅਤੇ ਰੂਹਾਨੀ ਸੰਤੁਲਨ ਬਣਾਈ ਰੱਖਣ ਵਿੱਚ ਕਿਵੇਂ ਸਹਾਇਤਾ ਕਰਦੀ ਹੈ?

੩. ਗੁਰੂ ਨਾਨਕ ਪਿਆਰ ਅਤੇ ਮੋਹ ਵਿਚਕਾਰ ਕਿਵੇਂ ਅੰਤਰ ਕਰਦੇ ਹਨ?

ਇਸ ਐਪੀਸੋਡ ਵਿਚ ਗੁਰੂ ਨਾਨਕ 'ਪ੍ਰੇਮ' ਅਤੇ 'ਮੋਹ' ਵਿਚਕਾਰ ਸਪਸ਼ਟ ਅੰਤਰ ਕਰਦੇ ਹਨ। ਇਕ ਰੁੱਖ 'ਪ੍ਰੇਮ' ਦਾ ਪ੍ਰਤੀਕ ਹੈ, ਕਿਉਂਕਿ ਉਹ ਕਿਸੇ ਉਮੀਦ ਤੋਂ ਬਿਨਾਂ ਹੋਰਾਂ ਨੂੰ ਪਾਲਣ ਪੋਸ਼ਣ ਦਿੰਦਾ ਹੈ, ਜੋ ਸੱਚੇ ਪਿਆਰ ਦੇ ਤੱਤਸਾਰ ਨੂੰ ਦਰਸਾਉਂਦਾ ਹੈ। ਇਸ ਦੇ ਉਲਟ, ਇੱਕ ਭੌਰਾ 'ਮੋਹ' ਦਾ ਪ੍ਰਤੀਕ ਹੈ, ਕਿਉਂਕਿ ਉਹ ਫੁੱਲਾਂ ਵੱਲ ਆਕਰਸ਼ਿਤ ਹੋ ਕੇ ਉਨ੍ਹਾਂ ਤੋਂ ਰਸ ਚੂਸਦਾ ਹੈ, ਜੋ ਉਸ ਦੀ ਸਵਾਰਥੀ ਪ੍ਰਵਿਰਤੀ ਨੂੰ ਦਰਸਾਉਂਦਾ ਹੈ। ਇਨ੍ਹਾਂ ਦੇ ਇਲਾਵਾ, 'ਪ੍ਰੇਮ' ਦਇਆ ਤੋਂ ਉਤਪੰਨ ਹੁੰਦਾ ਹੈ, ਜਦਕਿ 'ਮੋਹ' ਅਹੰਕਾਰ ਤੋਂ ਜਨਮ ਲੈਂਦਾ ਹੈ। ਇਸ ਅੰਤਰ ਨੂੰ ਸਮਝ ਕੇ ਅਸੀਂ ਦੂਜਿਆਂ ਅਤੇ ਸੰਸਾਰ ਨਾਲ ਆਪਣੇ ਰਿਸ਼ਤਿਆਂ ਦਾ ਮੁਲਾਂਕਣ ਕਰ ਅਤੇ ਉਨ੍ਹਾਂ ਨੂੰ ਬਦਲਣ ਵਿਚ ਕਿਵੇਂ ਮਦਦ ਕਰ ਸਕਦੇ ਹਾਂ?

੪. ਗੁਰੂ ਨਾਨਕ ਦੇ 'ਮੂਲ ਮੰਤਰ' ਦਾ ਸਾਰ ਕੀ ਹੈ ਅਤੇ ਇਹ ਉਨ੍ਹਾਂ ਦੇ ਦਰਸ਼ਨ ਨੂੰ ਕਿਵੇਂ ਸਮੇਟਦਾ ਹੈ?

ਐਪੀਸੋਡ ਵਿਚ 'ਮੂਲ ਮੰਤਰ' ਨੂੰ ਗੁਰੂ ਨਾਨਕ ਦੇ ਬਿਬੇਕਮਈ ਦ੍ਰਿਸ਼ਟੀ ਦਾ ਆਧਾਰ ਦੱਸਿਆ ਗਿਆ ਹੈ। 'ਮੂਲ' ਦਾ ਅਰਥ ਹੈ ਮੁਢਲਾ, ਅਤੇ 'ਮੰਤਰ' ਦਾ ਅਰਥ ਹੈ ਮਨ ਲਈ ਇਕ ਸਾਧਨ। ਗੁਰੂ ਨਾਨਕ ਨੇ 'ਮੂਲ ਮੰਤਰ' ਦੀ ਸ਼ੁਰੂਆਤ '੧' ਅੰਕ ਨਾਲ ਕੀਤੀ, ਜੋ ਉਨ੍ਹਾਂ ਦੇ ਅਦਵੈਤ ਦਰਸ਼ਨ ਨੂੰ ਦਰਸਾਉਂਦਾ ਹੈ, ਜਿਸ ਵਿਚ ਇਕ ਹੀ ਜੋਤ ਦੇ ਵੱਖ-ਵੱਖ ਰੂਪਾਂ ਵਿਚ ਸਰਵਵਿਆਪਕਤਾ ਨੂੰ ਦਿਖਾਇਆ ਗਿਆ ਹੈ। ਇਹ ਸੱਚਾਈ ਅਨੁਭਾਵਾਤਮਿਕ ਗਿਆਨ ਅਤੇ ਰੂਹਾਨੀ ਬਿਬੇਕ ਰਾਹੀਂ ਅਨੁਭਵ ਕੀਤੀ ਜਾ ਸਕਦੀ ਹੈ। ਗੁਰੂ ਨਾਨਕ ਦੇ ਦਰਸ਼ਨ ਵਿਚ ਇਹ ਮੂਲ ਸਿਧਾਂਤ ਦੈਵੀਤਵ ਅਤੇ ਮਨੁੱਖੀ ਸੁਭਾਵ ਨੂੰ ਸਮਝਣ ਲਈ ਕਿਵੇਂ ਆਧਾਰ ਬਣਾਉਂਦਾ ਹੈ?

੫. ਮੌਤ ਅਤੇ ਸਰੀਰਕ ਹੋਂਦ ਦੀ ਛਿਨ-ਭੰਗਰਤਾ ਬਾਰੇ ਗੁਰੂ ਨਾਨਕ ਦੁਆਰਾ ਕਿਹੜਾ ਦ੍ਰਿਸ਼ਟੀਕੋਣ ਦਿੱਤਾ ਗਿਆ?

ਗੁਰੂ ਨਾਨਕ ਮੌਤ ਨੂੰ ਜੀਵਨ ਦਾ ਅਟੁੱਟ ਹਿੱਸਾ ਮੰਨਦੇ ਹਨ, ਕਹਿੰਦੇ ਹਨ ਕਿ ਇਹ ਦੋਵੇਂ ਅਟੁਟ ਹਨ, ਬਿਲਕੁਲ ਇੰਝ ਜਿਵੇਂ ਇੱਕ ਹੀ ਸਾਹ ਵਿਚ ਸਾਹ ਲੈਣਾ ਅਤੇ ਛੱਡਣਾ ਨਹਿਤ ਹੁੰਦਾ ਹੈ। ਉਹ ਵਿਸ਼ਵਾਸ ਕਰਦੇ ਸਨ ਕਿ ਚੇਤਨਾ ਅਨੰਤ ਹੈ; ਇਸ ਲਈ, ਜੀਵਨ ਦਾ ਹਰ ਪੱਖ, ਜਿਸ ਵਿਚ ਮੌਤ ਵੀ ਸ਼ਾਮਲ ਹੈ, ਪਰਮਾਤਮਾ ਦੀ ਕ੍ਰਿਪਾ ਰਾਹੀਂ ਹੀ ਵਹਿੰਦਾ ਹੈ। ਉਨ੍ਹਾਂ ਦੇ ਅਨੁਸਾਰ, ਸਰੀਰ

ਅੰਤ ਮਿੱਟੀ ਵਿੱਚ ਮਿਲ ਜਾਂਦਾ ਹੈ, ਜਿਸ ਕਾਰਨ ਸਾਡੀ ਭੌਤਿਕ ਹੋਂਦ ਝੂਠ ਲੱਗਦੀ ਹੈ। ਉਹ ਸਾਨੂੰ ਯਾਦ ਦਿਵਾਉਂਦੇ ਹਨ ਕਿ ਸਰੀਰ ਅਤੇ ਇਸ ਦੀਆਂ ਇੱਛਾਵਾਂ ਦੋਵੇਂ ਹੀ ਅਸਥਾਈ ਹਨ। ਸਰੀਰਕ ਹੋਂਦ ਦੀ ਇਸ ਛਿਨਭੰਗਰਤਾ ਦੀ ਸੂਝ ਸਾਨੂੰ ਅਰਥ ਭਰਪੂਰ ਜੀਵਨ ਜੀਊਣ ਦੇ ਨਜ਼ਰੀਏ ਵੱਲ ਕਿਵੇਂ ਪ੍ਰੇਰਿਤ ਕਰ ਸਕਦੀ ਹੈ?

੬. ਵੱਖ-ਵੱਖ ਰੂਹਾਨੀ ਪਰੰਪਰਾਵਾਂ ਨਾਲ ਸੰਵਾਦ ਅਤੇ ਸਹਿਯੋਗ ਬਾਰੇ ਗੁਰੂ ਨਾਨਕ ਦਾ ਦ੍ਰਿਸ਼ਟੀਕੋਣ ਕੀ ਸੀ?

ਗੁਰੂ ਨਾਨਕ ਰੂਹਾਨੀ ਸਹਿਯੋਗ ਦੇ ਆਗੂ ਸਨ, ਜੋ ਸਾਧਕਾਂ ਅਤੇ ਸੰਤਾਂ ਨਾਲ ਵਾਰਤਾਲਾਪ ਨੂੰ ਪਰਮਾਤਮਾ ਨਾਲ ਸੰਚਾਰ ਦੀ ਇੱਕ ਗੰਭੀਰ ਤੰਦ ਮੰਨਦੇ ਸਨ। ਇਸ ਐਪੀਸੋਡ ਵਿਚ ਉਨ੍ਹਾਂ ਦੇ ਵੱਖ-ਵੱਖ ਸੂਫੀ ਸੰਤਾਂ ਨਾਲ ਕਾਇਮ ਕੀਤੇ ਸੰਪਰਕ ਉਨ੍ਹਾਂ ਦੀ ਅੰਤਰ-ਧਰਮ ਸੰਵਾਦ ਨੂੰ ਵਧਾਵਾ ਦੇਣ ਦੀ ਪੱਕੀ ਵਚਨਬੱਧਤਾ ਨੂੰ ਦਰਸਾਉਂਦੇ ਹਨ। ਸਮਾਨਤਾ ਦਾ ਇਹ ਦਰਸ਼ਨ ਗੁਰੂ ਗ੍ਰੰਥ ਸਾਹਿਬ ਵਿਚ ਵਿਦਮਾਨ ਹੈ, ਜੋ ਵੱਖ-ਵੱਖ ਧਰਮਾਂ, ਸਭਿਆਚਾਰਾਂ ਅਤੇ ਸਮਾਜਕ ਪਿੱਠਭੂਮੀਆਂ ਤੋਂ ਆਏ ਰੂਹਾਨੀ ਰਹਿਬਰਾਂ ਦੇ ਸਬਦਾਂ ਦਾ ਖਜ਼ਾਨਾ ਹੈ। ਪਰੰਪਰਾਵਾਂ ਤੋਂ ਪਰੇ ਰੂਹਾਨੀ ਵਾਰਤਾਲਾਪ ਦੀ ਇਹ ਰੀਤ ਅੱਜ ਦੀ ਵੰਨ-ਸੁਵੰਨਤਾ ਭਰੀ ਦੁਨੀਆਂ ਵਿਚ ਅੰਤਰ-ਧਰਮ ਸੂਝ ਲਈ ਕਿਵੇਂ ਇਕ ਆਦਰਸ਼ ਪੇਸ਼ ਕਰਦੀ ਹੈ?